# ਗੁਰਮੁਖੀ ਲਿਪੀ

ਇੱਕ ਵਿਚਾਰ ਇਹ ਵੀ ਦਿੱਤਾ ਜਾਂਦਾ ਹੈ ਕਿ ਕੋਈ ਵੀ ਲਿਪੀ ਭਾਸ਼ਾ ਵਾਂਗ ਕਿਸੇ ਹੋਰ ਲਿਪੀ ਵਿੱਚੋਂ ਵਿਕਸਿਤ ਨਹੀਂ ਹੁੰਦੀ ਬਲਕਿ ਇਕਾਲਿਕ ਪੱਧਰ ਉੱਤੇ ਵਰਤੀਦੀਆਂ ਲਿਪੀਆਂ ਦੇ ਸਮਾਨੰਤਰ ਹੀ ਨਵੀਂ ਲਿਪੀ ਦੀ ਸਿਰਜਣਾ ਹੁੰਦੀ ਹੈ। ਇਕਾਲਿਕ ਪੱਧਰ ਉੱਤੇ ਲਿਪੀਆਂ ਦੀ ਪਰਸਪਰ ਸਾਂਝ ਸਿਰਫ ਲਿਖਣ ਜੁਗਤ ਦੀ ਹੁੰਦੀ ਹੈ। ਇਹ ਵਿਚਾਰ ਵੀ ਬਹੁਤਾ ਤਰਕਸੰਗਤ ਪ੍ਰਤੀਤ ਨਹੀਂ ਹੁੰਦਾ। ਹੀਰਾਚੰਦ ਓਠਾ ਭਾਰਤੀ ਲਿਪੀਆਂ ਦੀ ਖੋਜ ਦੇ ਖੇਤਰ ਦਾ ਇੱਕ ਮਾਰਤੰਡ ਹੈ। ਉਨ੍ਹਾਂ ਦੁਆਰਾ ਰਚਿਤ ਭਾਰਤੀ ਪ੍ਰਾਚੀਨ ਲਿਪੀਮਾਲਾ ਇੱਕ ਵਡਮੁੱਲੀ ਹਵਾਲਾ ਪੁਸਤਕ ਹੈ ਜੋ ਕਿ ਤੀਜੀ ਸਦੀ ਪੂਰਵ  ਈਸਵੀ ਤੋਂ ਲੈ ਕੇ ਆਧੁਨਿਕ ਯੁੱਗ ਤੱਕ ਦੀਆਂ ਸਾਰੀਆਂ ਲਿਪੀਆਂ ਦੇ ਗਿਆਨ ਦਾ ਖਜ਼ਾਨਾ ਹੈ। ਇਹ ਪੁਸਤਕ ਪਹਿਲੀ ਵਾਰੀ 1918 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਵਿੱਚ ਹੀਰਾਚੰਦ ਓਝਾ ਨੇ ਇਹ ਸਿੱਧ ਕੀਤਾ ਹੈ ਕਿ ਭਾਰਤ ਦੀਆਂ ਸਾਰੀਆਂ ਲਿਪੀਆਂ ਦਾ ਮੂਲ ਬ੍ਰਹਮੀ ਲਿਪੀ ਹੈ। ਇਸੇ ਲਿਪੀ ਤੋਂ ਹੀ ਵਿਕਾਸ ਕਰਕੇ ਭਾਰਤੀ ਲਿਪੀਆਂ ਨੇ ਅਜੋਕਾ ਰੂਪ ਧਾਰਨ ਕੀਤਾ ਹੈ। ਆਧੁਨਿਕ ਭਾਰਤੀ ਲਿਪੀਆਂ ਬਾਰੇ ਹੁਣ ਤੱਕ ਜਿੰਨੀ ਵੀ ਖੋਜ ਹੋਈ ਹੈ, ਉਸ ਖੋਜ ਵਿੱਚ ਹੀਰਾਚੰਦ ਓਝਾ ਦੀ ਪੁਸਤਕ ਨੂੰ ਮੁੱਖ ਹਵਾਲੇ ਵਜੋਂ ਪੇਸ਼ ਕੀਤਾ ਗਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਪੰਜਾਬੀ ਭਾਸ਼ਾ-ਵਿਗਿਆਨ ਦੇ ਪ੍ਰਥਮ ਆਚਾਰੀਆ ਅਤੇ ਪ੍ਰਬੁੱਧ ਭਾਸ਼ਾ ਸ਼ਾਸਤਰੀ ਹਨ। ਉਨ੍ਹਾਂ ਨੂੰ ਵੀਹਵੀਂ ਸਦੀ ਦਾ ਪਾਣਿਨੀ ਵੀ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਦੀ ਇਤਿਹਾਸਿਕ ਵਿਕਾਸ ਰੇਖਾ ਨੂੰ ਖਿੱਚਣ ਵਾਲਾ ਇੱਕ ਹੋਰ ਖੋਜੀ ਪ੍ਰੋ. ਜੋਗਿੰਦਰ ਸਿੰਘ ਹੈ। ਉਸਦੀ ਪੁਸਤਕ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ: ਸੋਮੇ ਤੇ ਵਿਕਾਸ ਪਹਿਲੀ ਵਾਰੀ 2009 ਵਿੱਚ ਡਾ. ਗੁਰਮੁੱਖ ਸਿੰਘ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੋਈ। ਹਥਲੀ ਪੁਸਤਕ ਵਿੱਚ ਪ੍ਰੋ. ਜੋਗਿੰਦਰ ਸਿੰਘ ਦੇ ਗੁਰਮੁਖੀ ਲਿਪੀ ਦੇ ਨਿਕਾਸ ਬਾਰੇ ਮੌਲਿਕ ਵਿਚਾਰ ਸ਼ਾਮਿਲ ਕੀਤੇ ਗਏ ਹਨ। ਉਹ ਗੁਰਮੁਖੀ ਦੀ ਉਤਪਤੀ ਦਾ ਆਧਾਰ ਲੰਡਿਆਂ ਨੂੰ ਮੰਨਦਾ ਹੈ। ਉਹ ਇਤਿਹਾਸਿਕ ਤੱਥਾਂ ਦਾ ਵਿਸ਼ਲੇਸ਼ਣ ਕਰਕੇ, ਸਥਾਪਿਤ ਕਰਦਾ ਹੈ ਕਿ ਲੰਡੇ ਅੱਖਰ ਪੰਜਾਬ ਦੇ ਵਪਾਰੀਆਂ ਦੁਆਰਾ ਵਰਤੇ ਜਾਂਦੇ ਸਨ। ਗੁਰੂ ਸਾਹਿਬਾਨ ਆਪ ਮਹਾਜਨ ਲੋਕ ਸਨ। ਇਸ ਲਈ ਉਨ੍ਹਾਂ ਬਚਪਨ ਵਿੱਚ ਲੰਡੇ ਅੱਖਰ ਸਿੱਖੇ ਹੋਏ ਸਨ। ਇਨ੍ਹਾਂ ਅੱਖਰਾਂ ਦੀ ਅਪੂਰਨਤਾ ਅਤੇ ਗੁਰਬਾਣੀ ਨੂੰ ਸ਼ੁੱਧ ਰੂਪ ਵਿੱਚ ਲਿਖਣ ਲਈ ਉਨ੍ਹਾਂ ਲੰਡਿਆਂ ਦੇ ਸਹਾਰੇ ਨਾਲ ਗੁਰਮੁਖੀ ਅੱਖਰਾਂ ਨੂੰ ਬਣਾਇਆ। ਬਿੱਕਰ ਸਿੰਘ ਹਾਂਗਕਾਂਗ ਦਾ ਜੱਦੀ ਪਿੰਡ ਭਲੂਰ (ਜਿਲ੍ਹਾ ਫਰੀਦਕੋਟ) ਹੈ। ਉਸ ਦਾ ਬਚਪਨ ਪਿੰਡ ਭਲੂਰ ਵਿੱਚ ਹੀ ਬੀਤਿਆ। ਦੱਸਵੀਂ ਕਰਨ ਉਪਰੰਤ ਜੇ.ਬੀ.ਟੀ. ਕਰ ਕੇ ਉਹ ਅਧਿਆਪਕ ਲੱਗ ਗਿਆ। ਘਰ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ ਇਸ ਲਈ ਨੌਕਰੀ ਛੱਡ ਕੇ ਹਾਂਗਕਾਂਗ ਚਲਾ ਗਿਆ। ਹਾਂਗਕਾਂਗ ਵਿਖੇ ਉਸ ਨੂੰ ਬੱਚਿਆਂ ਨੂੰ ਟਿਊਸ਼ਨ ਪੜ੍ਹਾਉਣ ਦਾ ਮੌਕਾ ਮਿਲਿਆ। ਬੱਚਿਆਂ ਦੇ ਕੈਦਿਆਂ ਉਪਰ ਅੰਕਿਤ ਅੰਕਾਂ ਨਾਲ ਅਰੈਬਿਕ ਸ਼ਬਦ ਦੇਖ ਕੇ, ਉਸ ਨੂੰ ਇਹ ਫੁਰਨਾ ਫੁਰਿਆ ਕਿ ਇਨ੍ਹਾਂ ਅੰਕਾਂ ਦਾ ਮੂਲ-ਸਰੋਤ ਤਾਂ ਗੁਰਮੁਖੀ ਦਾ ਕੋਈ ਪ੍ਰੋਟੋ ਰੂਪ ਹੈ। ਇਥੋਂ ਹੀ ਅੰਕਾਂ ਦੀ ਭਾਲ ਕਰਦਿਆਂ, ਉਸ ਨੂੰ ਲਿਪੀ-ਖੋਜ ਦੀ ਲਗਨ ਲੱਗ ਗਈ। ਫਿਰ ਉਸ ਨੇ ਲੱਗਭਗ 25 ਸਾਲ ਵਿਸ਼ਵ ਦੀਆਂ ਲਿਪੀਆਂ ਨੂੰ ਘੋਖਿਆ। ਵਿਸ਼ਵ ਦੇ ਵੱਡੇ ਲਿਪੀ ਵਿਗਿਆਨੀਆਂ ਦੀਆਂ ਪੁਸਤਕਾਂ ਦਾ ਅਧਿਐਨ ਕੀਤਾ। ਅਖੀਰ ਉਸ ਦੀ ਪਾਰਖੂ ਨਜ਼ਰ ਨੇ ਇਹ ਲੱਭਿਆ ਕਿ ਗੁਰਮੁਖੀ ਲਿਪੀ ਦਾ ਪ੍ਰੋਟੋ ਸਰੂਪ ਤਾਂ ਬਹੁਤ ਹੀ ਪੁਰਾਤਨ ਅਤੇ ਸਨਾਤੀਨ ਹੈ।  ਹੁਣ ਤੱਕ ਦੀ ਹੋਈ ਖੋਜ ਮੁਤਾਬਿਕ ਬ੍ਰਹਮੀ ਹੀ ਭਾਰਤ ਦੀ ਸਾਰੀਆਂ ਲਿਪੀਆਂ ਦਾ ਮੂਲ-ਸਰੋਤ ਹੈ ਪਰ ਬਿੱਕਰ ਸਿੰਘ ਅਨੁਸਾਰ ਭਾਰਤ ਦੀ ਪ੍ਰਾਚੀਨ ਲਿਪੀ ਬ੍ਰਹਮੀ ਨਹੀਂ ਬਲਕਿ ਪ੍ਰੋਟੋ-ਗੁਰਮੁਖੀ ਹੈ। ਜਦੋਂ ਫੋਨੇਸ਼ੀਅਨ ਲੋਕ ਭਰਾਤ ਵਿੱਚ ਵਪਾਰ ਕਰਨ ਆਉਂਦੇ ਸਨ ਤਾਂ ਉਹ ਸਭਾ ਤੋਂ ਪਹਿਲਾਂ ਸਪਤਸਿੰਧੂ (ਪੰਜਾਬ) ਦੀ ਧਰਤੀ ਉੱਤੇ ਹੀ ਆਉਂਦੇ ਸਨ। ਇੱਥੋਂ ਦੇ ਵਪਾਰੀਆਂ ਨੇ ਫਨਿਸ਼ੀਅਨਾਂ ਤੋਂ ਫਨਿਸ਼ੀ ਲਿਪੀ ਗ੍ਰਹਿਣ ਕੀਤੀ। ਇਸ ਤੋਂ ਬਾਅਦ ਹੀ ਇਹ ਅੱਖਰ ਪੂਰੇ ਭਾਰਤ ਵਿੱਚ ਪਹੁੰਚੇ ਅਤੇ ਇਨ੍ਹਾਂ ਨੂੰ ਬ੍ਰਹਮੀ ਨਾਮ ਮਿਲਿਆ।

punjabiforias.com by Satinder sir

# ਭਾਰਤ ਵਰਸ਼ ਦੀਆਂ ਵਰਤਮਾਨ ਮੁਖ ਮੁਖ ਲਿਪੀਆਂ

## ਗੌਰੀ ਸ਼ੰਕਰ ਹੀਰਾ ਚੰਦ ਓਝਾ

ਭਾਰਤਵਰਸ਼ ਦੀਆਂ ਸਾਰੀਆਂ ਵਰਤਮਾਨ ਆਰਯ ਲਿਪੀਆਂ ਦਾ ਮੂਲ ਬ੍ਰਹਮੀ ਲਿਪੀ ਹੀ ਹੈ। ਇਹ ਭਿੰਨ-ਭਿੰਨ ਲਿਪੀਆਂ ਬ੍ਰਾਹਮੀ ਤੋਂ ਵਿਕਾਸ ਕਰਕੇ ਹੌਲੀ-ਹੌਲੀ ਪਰਿਵਰਤਨਾਂ ਤੋਂ ਬਾਅਦ ਬਣੀਆਂ। ਇਨ੍ਹਾਂ ਸਾਰੀਆਂ ਵਿੱਚ ਨਾਗਰੀ ਸਾਰਵਦੇਸ਼ਿਕ ਹੈ ਅਤੇ ਆਮ ਕਰਕੇ ਸਾਰੇ ਭਾਰਤਵਰਸ਼ ਵਿੱਚ ਉਸਦਾ ਪ੍ਰਚਾਰ ਬਣਿਆ ਹੋਇਆ ਹੈ।

### ਸ਼ਾਰਦਾ ਲਿਪੀ

ਕਸ਼ਮੀਰ ਪ੍ਰਦੇਸ਼ ਦੀ ਸਰਬ ਪ੍ਰਧਾਨ ਦੇਵੀ ਸ਼ਾਰਦਾ ਮੰਨੀ ਜਾਂਦੀ ਹੈ ਜਿਸ ਕਾਰਨ ਉਹ ਦੇਸ਼ 'ਸ਼ਾਰਦਾ' ਜਾਂ 'ਸ਼ਾਰਦਾ ਮੰਡਲ' ਕਹਾਉਂਦਾ ਹੈ ਅਤੇ ਇਸੇ ਲਈ ਉਥੋਂ ਦੀ ਲਿਪੀ ਨੂੰ 'ਸ਼ਾਰਦਾ' ਲਿਪੀ ਕਿਹਾ ਜਾਂਦਾ ਹੈ। ਬਾਅਦ ਵਿੱਚ ਉਸ ਨੂੰ 'ਦੇਵਾਦੇਸ਼' ਵੀ ਕਿਹਾ ਜਾਣ ਲੱਗਾ ਸੀ। ਮੂਲ ਸ਼ਾਰਦਾ ਲਿਪੀ ਕੁਟਿਲ ਲਿਪੀ ਵਿਚੋਂ ਨਿਕਲੀ ਅਤੇ ਉਸਦਾ ਪ੍ਰਚਾਰ ਕਸ਼ਮੀਰ ਅਤੇ ਪੰਜਾਬ ਵਿੱਚ ਰਿਹਾ। ਉਸ ਵਿੱਚ ਹੀ ਪਰਿਵਰਤਨ ਹੋ ਕੇ ਵਰਤਮਾਨ ਸ਼ਾਰਦਾ ਲਿਪੀ ਬਣੀ, ਜਿਸ ਦਾ ਪ੍ਰਚਾਰ ਅੱਜ ਕੱਲ ਕਸ਼ਮੀਰ ਵਿੱਚ ਬਹੁਤ ਘੱਟ ਰਹਿ ਗਿਆ ਹੈ। ਉਸਦੀ ਥਾਂ ਆਮ ਕਰਕੇ ਨਾਗਰੀ, ਗੁਰਮੁਖੀ ਜਾਂ ਟਾਕਰੀ ਨੇ ਲੈ ਲਈ ਹੈ।

### ਟਾਕਰੀ ਲਿਪੀ

ਇਹ ਸ਼ਾਰਦਾ ਦਾ ਘਸੀਟ ਰੂਪ ਹੈ, ਕਿਉਂਕਿ ਇਸਦੇ ਇ, ਈ, ਉ, ਏ, ਗ, ਘ, ਚ, ਞ, ਡ, ਢ, ਤ, ਥ, ਦ, ਧ, ਪ, ਭ, ਮ, ਯ, ਰ, ਲ ਅਤੇ ਹ ਅੱਖਰ ਸ਼ਾਰਦਾ ਦੇ ਇਨ੍ਹਾਂ ਅੱਖਰਾਂ ਨਾਲ ਹੀ ਮਿਲਦੇ ਜੁਲਦੇ ਹਨ। ਬਾਕੀ ਦੇ ਅੱਖਰਾਂ ਵਿੱਚ ਵੀ ਜਿਹੜਾ ਅੰਤਰ ਹੈ ਉਹ ਵਿਸ਼ੇਸ਼ ਕਰਕੇ, ਜਲਦੀ ਵਿੱਚ ਅਤੇ ਚਲਦੀ ਕਲਮ ਨਾਲ ਪੂਰਾ ਅੱਖਰ ਲਿੱਖਣ ਨਾਲ ਹੋਇਆ ਹੈ। 'ਖ' ਦੇ ਥਾਂ ਤੇ 'ਸ਼' (ष) ਲਿਖਿਆ ਜਾਂਦਾ ਹੈ। ਜੰਮੂ ਅਤੇ ਪੰਜਾਬ ਦੇ ਸਾਰੇ ਉੱਤਰੀ ਪਹਾੜੀ ਇਲਾਕੇ ਵਿੱਚ (ਸ਼ਾਇਦ ਸ਼ਿਮਲਾ ਜ਼ਿਲ੍ਹੇ ਨੂੰ ਛੱਡਕੇ) ਇਸ ਦਾ ਪ੍ਰਚਾਰ ਹੈ ਅਤੇ ਇਹ ਭਿੰਨ ਭਿੰਨ ਇਲਾਕਿਆਂ ਵਿੱਚ ਕੁੱਝ-ਕੁੱਝ ਭਿੰਨਤਾ ਨਾਲ ਲਿਖੀ ਜਾਂਦੀ ਹੈ। ਜਿਹੜੀ ਜੰਮੂ ਦੇ ਇਲਾਕੇ ਵਿੱਚ ਵਰਤੀ ਜਾਂਦੀ ਹੈ, ਉਸ ਨੂੰ 'ਡੋਗਰੀ' ਅਤੇ ਜਿਹੜੀ ਚੰਬਾ ਰਾਜ ਵਿੱਚ ਲਿਖੀ ਜਾਂਦੀ ਹੈ, ਉਸ ਨੂੰ 'ਚਮਿਆਲੀ' ਕਹਿੰਦੇ ਹਨ। 'ਟਾਕਰੀ' ਨਾਂ ਦੀ ਉੱਤਪਤੀ ਦਾ ਠੀਕ ਪਤਾ ਨਹੀਂ ਚਲਦਾ ਪਰੰਤੂ ਸੰਭਵ ਹੈ ਕਿ 'ਠਾਕਰੀ' (ਠੱਕੁਰੀ) ਸ਼ਬਦ ਤੋਂ ਇਸ ਦੀ ਉੱਤਪਤੀ ਹੋਵੇ। ਅਰਥਾਤ, ਰਾਜਪੂਤਾਂ ਠਾਕੁਰਾਂ (ਠੱਕੁਰਾਂ) ਦੀ ਲਿਪੀ; ਜਾਂ ਟਾਂਕ (ਲਵਾਣਾ) ਜਾਤੀ ਦੇ ਵਿਉਪਾਰੀਆਂ ਦੀ ਲਿਪੀ ਹੋਣ ਦੇ ਕਾਰਨ ਇਸਦਾ ਨਾਂ ਟਾਕਰੀ ਹੋਇਆ ਹੈ।

### ਗੁਰਮੁਖੀ ਲਿਪੀ

ਪੰਜਾਬ ਦੇ ਮਹਾਜਨਾਂ ਅਤੇ ਦੂਜੇ ਮਾਮੂਲੀ ਪੜ੍ਹੇ ਹੋਏ ਲੋਕਾਂ ਵਿੱਚ ਪਹਿਲਾਂ ਇੱਕ ਪ੍ਰਕਾਰ ਦੀ 'ਲੰਡਾ' ਨਾਂ ਦੀ ਮਹਾਜਨੀ ਲਿਪੀ ਚਾਲੂ ਸੀ, ਜਿਸ ਵਿੱਚ ਸਿੰਧੀ ਦੀ ਤਰ੍ਹਾਂ ਸ੍ਵਰਾਂ ਦੀਆਂ ਮਾਤਰਾਂ ਲਾਈਆਂ ਨਾ ਜਾਂਦੀਆਂ ਸਨ ਅਤੇ ਜਿਹੜੀ ਹੁਣ ਤਾਈਂ ਵੀ ਉੱਥੇ ਕੁਝ-ਕੁਝ ਪ੍ਰਚਲਿਤ ਹੈ। ਕਿਹਾ ਜਾਂਦਾ ਹੈ ਕਿ ਸਿੱਖਾਂ ਦੇ ਧਰਮ ਗਰੰਥ ਵੀ ਪਹਿਲਾਂ ਇਸੇ ਲਿਪੀ ਵਿੱਚ ਲਿਖੇ ਜਾਂਦੇ ਸਨ ਜਿਸ ਕਰਕੇ ਉਨ੍ਹਾਂ ਨੂੰ ਸ਼ੁੱਧ ਰੂਪ ਵਿੱਚ ਪੜ੍ਹਨਾ ਔਖਾ ਸੀ। ਇਸ ਲਈ ਗੁਰੂ ਅੰਗਦ (ਈ.ਸੰ. 1538-52) ਨੇ ਆਪਣੇ ਧਰਮ ਗਰੰਥਾਂ ਦੀ ਸ਼ੁੱਧਤਾ ਲਈ ਸ੍ਵਰਾਂ ਦੀ ਮਾਤਰਾ ਵਾਲੀ ਨਵੀਂ ਲਿਪੀ ਬਣਾਈ ਤਾਂਕਿ ਉਸ ਨੂੰ ਨਾਗਰੀ ਵਾਂਗ ਸ਼ੁੱਧ ਰੂਪ ਵਿੱਚ ਪੜ੍ਹਿਆ ਤੇ ਲਿਖਿਆ ਜਾ ਸਕੇ, ਇਸੇ ਕਰਾਨ ਉਸਨੂੰ 'ਗੁਰਮੁਖੀ' ਅਰਥਾਤ ਗੁਰੂ ਦੇ ਮੁੱਖ ਤੋਂ ਨਿਕਲੀ ਹੋਈ ਲਿਪੀ ਕਿਹਾ ਜਾਂਦਾ ਹੈ। ਇਸਦੇ ਜ਼ਿਆਦਾਤਰ ਅੱਖਰ ਉਸ ਸਮੇਂ ਦੀ ਸ਼ਾਰਦਾ ਲਿਪੀ ਤੋਂ ਹੀ ਲਏ ਗਏ ਹਨ ਕਿਉਂਕਿ ੳ, ਰਿ (ऋ), ੳ, ਘ, ਚ, ਛ, ਟ, ਡ, ਢ, ਤ,

ਥ, ਦ, ਧ, ਪ, ਫ, ਭ, ਯ, ਸ਼ (श), ਸ਼ (ष) ਤੇ ਸ ਅੱਖਰ ਹੁਣ ਤੀਕ ਵਰਤਮਾਨ ਸ਼ਾਰਦਾ ਨਾਲ ਮਿਲਦੇ ਜੁਲਦੇ ਹਨ। ਇਸ ਦੇ ਅੰਕ ਨਾਗਰੀ ਤੋਂ ਲਏ ਗਏ ਹਨ।

**ਕੈਥੀ ਲਿਪੀ**

ਇਹ ਲਿਪੀ, ਅਸਲ ਵਿੱਚ ਨਾਗਰੀ ਦਾ ਹੀ ਕੁੱਝ ਬਦਲਿਆ ਹੋਇਆ ਰੂਪ ਹੈ। (ਕਾਯਸਥ ਅਰਥਾਤ ਅਹਿਲਕਾਰ ਲੋਕਾਂ ਦੀ ਜਲਦੀ ਵਿੱਚ ਲਿਖੀ ਜਾਣ ਵਾਲੀ ਲਿਪੀ ਹੋਣ ਦੇ ਕਾਰਨ ਇਸ ਨੂੰ 'ਕੈਥੀ' (ਕਾਥੀ) ਕਹਿੰਦੇ ਹਨ। ਜਿਵੇਂ ਸਾਧਾਰਨ ਪੜ੍ਹੇ ਹੋਏ ਲੋਕਾਂ ਦੀਆਂ ਲਿਪੀਆਂ ਵਿੱਚ ਸੰਸਕ੍ਰਿਤ ਦੀ ਪੂਰੀ ਵਰਣਮਾਲਾ ਵਰਤੋਂ ਵਿੱਚ ਨਹੀਂ ਲਿਆਈ ਜਾਂਦੀ, ਉਸੇ ਤਰ੍ਹਾਂ ਹੀ ਇਸ ਵਿੱਚ ਵੀ ਰਿ (ऋ), ਙ ਤੇ ਵ ਅੱਖਰ ਨਹੀਂ ਹਨ, ਅਤੇ ਵ ਤੇ ਬ ਵਿੱਚ ਕੋਈ ਭੇਦ ਨਹੀਂ। ਵ ਨੂੰ ਬ ਤੋਂ ਭਿੰਨ ਦੱਸਣ ਲਈ ਟਾਈਪ ਦੇ ਅੱਖਰਾਂ ਵਿੱਚ 'ਵ' ਦੇ ਥੱਲੇ ਇੱਕ ਬਿੰਦੀ ਲਾਈ ਜਾਂਦੀ ਹੈ। ਅ, ਖ, ਅਤੇ ਝ ਨਾਗਰੀ ਤੋਂ ਭਿੰਨ ਹਨ। ਇਲਾਕੇ ਦੇ ਭੇਦਾਂ ਕਾਰਨ ਇਸਦੇ ਮੁੱਖ ਤਿੰਨ ਭੇਦ ਹਨ ਅਰਥਾਤ ਮਿਥਲਾ, ਮਗਧ, ਅਤੇ ਭੋਜਪੁਰ ਦੀ ਕੈਥੀ।

# ਪ੍ਰਾਚੀਨ ਭਾਰਤੀ ਲਿਪੀਆਂ ਦੀ ਉੱਤਪਤੀ

## ਜੱਜ ਸਿੰਘ

ਭਾਰਤ ਦੀਆਂ ਪ੍ਰਾਚੀਨ ਤਿੰਨ ਲਿਪੀਆਂ ਹਨ – ਸਿੰਧੂ ਲਿਪੀ, ਬ੍ਰਹਮੀ ਲਿਪੀ ਅਤੇ ਖ਼ਰੋਸ਼ਠੀ ਲਿਪੀ। ਇਨ੍ਹਾਂ ਵਿੱਚੋਂ ਖ਼ਰੋਸ਼ਠੀ ਲਿਪੀ ਨੂੰ ਛੱਡ ਕੇ ਸਿੰਧੂ ਲਿਪੀ ਅਤੇ ਬ੍ਰਹਮੀ ਲਿਪੀ ਸੰਬੰਧੀ ਬਹੁਤ ਵਾਦ-ਵਿਵਾਦ ਚਲਦਾ ਰਿਹਾ ਹੈ ਜਿਸ ਸਬੰਧੀ ਹਾਲੇ ਤੱਕ ਵੀ ਕੋਈ ਨਿਸ਼ਚਿਤ ਧਾਰਨਾ ਨਹੀਂ ਬਣ ਸਕੀ। ਇਨ੍ਹਾਂ ਲਿਪੀਆਂ ਸਬੰਧੀ ਅਨੇਕਾਂ ਮਤ ਪ੍ਰਚਲਿੱਤ ਹਨ। ਕੋਈ ਇਨ੍ਹਾਂ ਨੂੰ ਵਿਦੇਸ਼ੀ ਮੂਲ ਦੀਆਂ ਲਿਪੀਆਂ ਸਵੀਕਾਰ ਕਰਦਾ ਹੈ, ਕੋਈ ਭਾਰਤ ਵਾਸੀਆਂ ਦੀ ਮੌਲਿਕ ਖੋਜ ਦੱਸਦਾ ਹੈ। ਇਨ੍ਹਾਂ ਲਿਪੀਆਂ ਦੀ ਉਤਪਤੀ ਸੰਬੰਧੀ ਸੰਖੇਪ ਚਰਚਾ ਇਸ ਤਰ੍ਹਾਂ ਹੈ।

ਭਾਰਤੀ ਵਿਦਵਾਨ ਪ੍ਰੋਫੈਸਰ ਦੀਖਸ਼ਤ, ਡਾ. ਰਾਜਬਲੀ ਪਾਂਡੇ, ਡਾ. ਚੈਟਰਜੀ, ਡਾ. ਊਦੈ ਨਰਾਯਨ ਤਿਵਾੜੀ, ਡਾ. ਭੋਲਾਨਾਥ ਤਿਵਾੜੀ ਆਦਿ ਨੇ ਸਿੰਧੂ ਲਿਪੀ ਤੋਂ ਬ੍ਰਹਮੀ ਦਾ ਉਦਭਵ ਸਵੀਕਾਰ ਕਰਦੇ ਹੋਏ ਇਸ ਗੱਲ ਦੀ ਸੰਭਾਵਨਾ ਵਿਅਕਤ ਕੀਤੀ ਹੈ ਕਿ ਬ੍ਰਹਮੀ ਦੀ ਉਤਪਤੀ ਨਿਸ਼ਚੇ ਹੀ ਸਿੰਧੂ ਲਿਪੀ ਤੋਂ ਹੋਈ ਹੈ। ਇਸ ਲਿਪੀ ਦਾ ਵਿਕਸਿਤ ਪੜਾਅ ਅੱਖਰਾਤਮਕ ਲਿਪੀ ਦੇ ਰੂਪ ਵਿੱਚ ਚੌਥੀ ਸਦੀ ਈ. ਪੂ. ਵਿੱਚ ਬ੍ਰਹਮੀ ਲਿਪੀ ਦੇ ਰੂਪ ਵਿੱਚ ਹੁੰਦਾ ਹੈ। ਸਿੰਧੂ ਸੱਭਿਅਤਾ ਸਮੇਂ ਚਿਤਰਾਂ ਤੋਂ ਅੱਖਰਾਂ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ ਸੀ।

**ਬ੍ਰਹਮੀ ਲਿਪੀ**

ਈ. ਪੂ. ਪੰਜਵੀ ਸਦੀ ਤੋਂ ਲੱਗਭਗ 350 ਤੱਕ ਪ੍ਰਾਪਤ ਹੋਣ ਵਾਲੇ ਸ਼ਿਲਾਲੇਖਾਂ ਦੀ ਲਿਪੀ ਦਾ ਨਾਮ ਬ੍ਰਹਮੀ ਹੈ ਜੋ ਖੱਬੇ ਤੋਂ ਸੱਜੇ ਵੱਲ ਲਿਖੀ ਗਈ ਹੈ। ਸਾਡੇ ਦੇਸ਼ ਵਿੱਚ ਮਿਲਣ ਵਾਲੇ ਪ੍ਰਾਚੀਨ ਸ਼ਿਲਾਲੇਖ ਮੌਰੀਆ ਵੰਸ਼ੀ ਸਮਰਾਟ ਅਸ਼ੋਕ ਦੇ ਸਮੇਂ ਅਰਥਾਤ ਈ. ਪੂ ਤੀਜੀ ਸਦੀ ਦੇ ਆਸਪਾਸ ਦੇ ਹਨ।

ਈ. ਪੂ. ਤੀਜੀ ਸਦੀ ਤੋਂ ਲੈ ਕੇ ਲੱਗਭਗ 300 ਈ. ਤੱਕ ਦੇ ਸ਼ਿਲਾਲੇਖਾਂ ਨੂੰ ਘੋਖਣ ਨਾਲ ਇਹ ਪਤਾ ਲੱਗਦਾ ਹੈ ਕਿ ਉਸ ਸਮੇਂ ਭਾਰਤ ਵਿੱਚ ਦੋ ਤਰ੍ਹਾਂ ਦੀਆਂ ਲਿੱਪੀਆਂ ਪ੍ਰਚੱਲਿਤ ਸਨ। ਇੱਕ ਖੱਬੇ ਤੋਂ ਸੱਜੇ ਵੱਲ ਨੂੰ ਲਿਖੀ ਜਾਂਦੀ ਸੀ ਜਿਸਦਾ ਨਾਂ ਬ੍ਰਹਮੀ ਸੀ। ਦੂਜੀ ਸੱਜੇ ਤੋਂ ਖੱਬੇ ਵੱਲ ਲਿਖੀ ਜਾਂਦੀ ਸੀ ਜਿਸ ਨੂੰ ਖ਼ਰੋਸ਼ਠੀ ਕਿਹਾ ਗਿਆ ਹੈ। ਖ਼ਰੋਸ਼ਠੀ ਦਾ ਪ੍ਰਚਾਰ ਮੁੱਖ ਰੂਪ ਵਿੱਚ ਭਾਰਤ ਦੇ ਪੱਛਮੀ ਪ੍ਰਦੇਸ਼ਾਂ ਵਿੱਚ ਰਿਹਾ ਪਰ ਬ੍ਰਹਮੀ ਪੂਰੇ ਦੇਸ਼ ਵਿੱਚ ਪ੍ਰਚਲਿਤ ਹੋਣ ਕਰਕੇ ਇੱਕ ਤਰ੍ਹਾਂ ਨਾਲ ਤਤਕਾਲੀਨ

punjabiforias.com by Satinder Sir

ਭਾਰਤਵਰਸ਼ ਦੀ ਰਾਸ਼ਟਰੀ ਲਿਪੀ ਸੀ।

ਯੂਰਪੀ ਵਿਦਵਾਨਾਂ ਨੇ ਬ੍ਰਹਮੀ ਦੇ ਲਈ ਪਾਲੀ, ਇੰਡੀਅਨ ਪਾਲੀ, ਸਾਊਥ ਅਸ਼ੋਕ, ਲਾਟ ਲਿਪੀ ਆਦਿ ਅਨੇਕ ਨਾਵਾਂ ਦਾ ਪ੍ਰਯੋਗ ਕੀਤਾ ਹੈ ਪਰੰਤੂ ਬ੍ਰਹਮੀ ਲਿਪੀ ਦਾ ਬ੍ਰਹਮੀ ਨਾਂ ਅਤਿਅੰਤ ਪ੍ਰਾਚੀਨ ਹੈ। ਕਸ਼ਟ ਅਨੁਸਾਰ ਏਸ਼ੀਆ ਦੇ ਪੱਛਮ ਵਿੱਚ ਰਹਿਣ ਵਾਲੇ ਫ਼ਨਿਸ਼ੀਅਨ ਲੋਕ ਈ.ਪੂ. ਦੀ ਅੱਠਵੀਂ ਸਦੀ ਵਿੱਚ ਲਿਖਣਾ ਜਾਣਦੇ ਸਨ। ਉਨ੍ਹਾਂ ਦਾ ਵਪਾਰਕ ਸੰਬੰਧ ਭਾਰਤ ਦੇ ਨਾਲ ਹੋਣ ਕਰਕੇ ਅਰਥਾਤ ਉਨ੍ਹਾਂ ਦੇ ਅੱਖਰਾਂ ਤੋਂ ਗ੍ਰੀਕ ਰੋਮਨ ਅਤੇ ਸੈਮੇਟਿਕ ਭਾਸ਼ਾਵਾਂ ਦੇ ਅੱਖਰ ਬਣਨ ਤੋਂ ਅਨੁਮਾਨ ਲੱਗਦਾ ਕਿ ਬ੍ਰਹਮੀ ਲਿਪੀ ਵੀ ਫ਼ਨਿਸ਼ੀ ਲਿਪੀ ਤੋਂ ਬਣੀ ਹੋਵੇਗੀ। ਇਸ ਮੱਤ ਦਾ ਵਿਲੀਅਮ ਜੋਨਜ, ਕਾਪ, ਲੇਪਿਸਅਸ, ਬੇਨਵੀ, ਪਾਟ, ਵੇਸਟਗਾਰਡ, ਮੈਕਸਮੂਲਰ, ਫੈਡਰਿਕ ਮੂਲਰ, ਸਾਅਸ ਅਤੇ ਹਿਟਵਨੀ ਆਦਿ ਵਿਦਵਾਨਾਂ ਨੇ ਵੀ ਸਮਰਥਨ ਕੀਤਾ। ਪਾਲ ਗੋਲਡ ਸਮਿਥ ਦਾ ਅਨੁਮਾਨ ਇਨ੍ਹਾਂ ਸਭ ਤੋਂ ਨਿਰਾਲਾ ਹੈ। ਉਨ੍ਹਾਂ ਅਨੁਸਾਰ ਫ਼ਨਿਸ਼ੀਅਨ ਅੱਖਰਾਂ ਤੋਂ ਪਹਿਲਾਂ ਸਿਲੋਨ ਦੀ ਲਿਪੀ ਬਣੀ ਅਤੇ ਇਸਤੋਂ ਬ੍ਰਾਹਮੀ ਦਾ ਉਦਭਵ ਹੋਇਆ ਪਰ ਇਸ ਵਿਚਾਰ ਦਾ ਖੰਡਨ ਕਰਦੇ ਹੋਏ ਮੂਲਰ ਨੇ ਲਿਖਿਆ ਹੈ ਕਿ ਸਿਲੋਨ ਵਿੱਚ ਲਿਖਣ ਦਾ ਪ੍ਰਚਾਰ ਭਾਰਤ ਤੋਂ ਬਾਅਦ ਵਿੱਚ ਹੋਇਆ। ਬਰਨੇਲ ਦਾ ਮੰਨਣਾ ਹੈ ਕਿ ਫ਼ਨਿਸ਼ੀਅਨ ਤੋਂ ਨਿਕਲੇ ਅਰਮਾਨਿਕ ਅੱਖਰਾਂ ਤੋਂ ਬ੍ਰਹਮੀ ਦਾ ਜਨਮ ਹੋਇਆ ਹੈ। ਡੀਕੇ ਦਾ ਮੱਤ ਹੈ ਕਿ ਅਸੀਰੀਆ ਦੀ ਕੀਲ ਲਿਪੀ ਤੋਂ ਪ੍ਰਾਚੀਨ ਦੱਖਣੀ ਸੈਮਟਿਕ ਲਿਪੀ ਦਾ ਵਿਕਾਸ ਹੋਇਆ ਫਿਰ ਦੱਖਣੀ ਸੈਮਟਿਕ ਦੇ ਹੀ ਕਿਸੇ ਰੂਪ ਤੋਂ ਬ੍ਰਹਮੀ ਦਾ ਜਨਮ ਹੋਇਆ। ਆਈਜੈਕ ਟੇਲਰ ਨੇ ਡੀਕੇ ਦਾ ਸਮਰਥਨ ਕਰਦੇ ਹੋਏ ਲਿਖਿਆ ਹੈ ਕਿ ਬ੍ਰਹਮੀ ਲਿਪੀ ਕਿਸੇ ਅਗਿਆਤ ਦੱਖਣੀ ਸੈਮਟਿਕ ਲਿਪੀ ਤੋਂ ਨਿਕਲੀ ਹੈ। ਇਹ ਵਾਸਤਵ ਵਿੱਚ ਕਿਸ ਲਿਪੀ ਤੋਂ ਨਿਕਲੀ ਹੈ ਇਹ ਹੁਣ ਤੱਕ ਗੁੰਝਲ ਹੀ ਰਹੀ ਹੈ।

ਇਸ ਤਰ੍ਹਾਂ ਉਪਰੋਕਤ ਵਿਦਵਾਨਾਂ ਦੀ ਇਹੋ ਧਾਰਨਾ ਹੈ ਕਿ ਬ੍ਰਹਮੀ ਲਿਪੀ ਦਾ ਜਨਮ ਫ਼ਨਿਸ਼ੀਅਨ ਲਿਪੀ ਤੋਂ ਹੋਇਆ । ਵਿਦਵਾਨਾਂ ਵਿੱਚ ਅਧਿਕਤਰ ਬ੍ਰਹਮੀ ਦੀ ਉਤਪਤੀ ਸੈਮਟਿਕ ਮੂਲ ਤੋਂ ਹੋਣ ਦਾ ਪ੍ਰਚਾਰ ਸਭ ਤੋਂ ਵੱਧ ਕਰਨ ਵਿੱਚ ਬੂਲਰ ਦਾ ਨਾਂ ਆਉਂਦਾ ਹੈ। ਬੂਲਰ ਨੇ ਬੇਵਰ ਦੀ ਮਾਨਤਾ ਦਾ ਅਨੁਸਰਨ ਕਰਦੇ ਹੋਏ ਇਹ ਸਥਾਪਿਤ ਕੀਤਾ ਕਿ ਬ੍ਰਹਮੀ ਦੇ ਬਾਈ ਅੱਖਰ ਉੱਤਰੀ ਸੈਮਟਿਕ ਨਾਲ ਅਤੇ ਬਾਕੀ ਪ੍ਰਾਚੀਨ ਫ਼ਨਿਸ਼ੀਅਨ ਤੋਂ ਲਏ ਗਏ ਪਰ ਸੈਮਟਿਕ, ਫ਼ਨਿਸ਼ੀਅਨ ਦੀ ਬ੍ਰਹਮੀ ਨਾਲ ਸਥਾਪਨਾ ਕਰਨ ਵਿੱਚ ਅਸਫ਼ਲ ਹੋਣ ਤੇ ਬੂਲਰ ਨੇ ਤਰ੍ਹਾਂ ਤਰ੍ਹਾਂ ਦੇ ਨਿਰਾਧਾਰ ਅਨੁਮਾਨ ਲਾਏ ਹਨ ਉਦਾਹਰਨ ਲਈ ਉਸ ਨੇ ਲਿਖਿਆ ਕਿ ਹਿੰਦੂਆਂ ਨੇ ਸੈਮਟਿਕ ਅੱਖਰਾਂ ਨੂੰ ਉਲਟਾ ਦਿੱਤਾ ਅਰਥਾਤ ਉਪਰ ਦਾ ਹਿੱਸਾ ਹੇਠਾਂ ਅਤੇ ਹੇਠਲਾ ਹਿੱਸਾ ਉੱਪਰ ਕਰ ਦਿੱਤਾ। ਕਿਤੇ ਕਿਸੇ ਅੱਖਰ ਨੂੰ ਅੱਧਾ ਕਰ ਦਿੱਤਾ ਗਿਆ ਅਤੇ ਕਿਤੇ ਕੋਣਾਂ ਨੂੰ ਖੋਲ੍ਹ ਦਿੱਤਾ ਗਿਆ। ਅਗਾਂਹ ਬੂਲਰ ਬ੍ਰਹਮੀ ਦੇ ਖਾਕੇ ਬਾਰੇ ਦੱਸਦਾ ਕਿ ਬ੍ਰਹਮੀ ਪਹਿਲਾਂ ਸੱਜੇ ਤੋਂ ਖੱਬੇ ਵੱਲ ਲਿਖੀ ਜਾਂਦੀ ਸੀ ਅਤੇ ਬਾਅਦ ਵਿੱਚ ਲੋਕ ਇਸ ਨੂੰ ਖੱਬੇ ਤੋਂ ਸੱਜੇ ਵੱਲ ਲਿਖਣ ਲੱਗੇ। ਇਸ ਕਾਰਨ ਸੈਮਟਿਕ ਅੱਖਰਾਂ ਦਾ ਬ੍ਰਹਮੀ ਵਿੱਚ ਰੂਪ ਬਦਲ ਗਿਆ। ਪਰ ਉਪਰੋਕਤ ਸਭ ਮੱਤਾਂ ਦੇ ਵਿਰੁੱਧ ਗੌਰੀ ਸ਼ੰਕਰ ਹੀਰਾ ਚੰਦ ਓਝਾ (ਪ੍ਰਾਚੀਨ ਭਾਰਤੀ ਲਿਪੀ ਮਾਲਾ) ਨੇ ਆਪਣਾ ਮੱਤ ਪੇਸ਼ ਕੀਤਾ ਹੈ ਕਿ ਯੂਰਪੀ ਵਿਦਵਾਨ ਬ੍ਰਹਮੀ ਲਿਪੀ ਦੀ ਉਤਪਤੀ ਦਾ ਪਤਾ ਲਗਾਉਣ ਲਈ ਹਿਅਰੇਟਿਕ, ਫ਼ਨਿਸ਼ੀਅਨ ਨਾ ਹੀ ਕਿਸੇ ਹੋਰ ਲਿਪੀ ਤੋਂ ਨਿਕਲੇ ਹਨ ਅਤੇ ਨਾ ਹੀ ਇਸਦੀ ਖੱਬੇ ਤੋਂ ਸੱਜੇ ਪਾਸੇ ਲਿਖਣ ਦੀ ਪ੍ਰਣਾਲੀ ਕਿਸੇ ਲਿਪੀ ਤੋਂ ਬਦਲ ਕੇ ਬਣਾਈ ਗਈ ਹੈ। ਇਹ ਭਾਰਤੀ ਆਰੀਆ ਲੋਕਾਂ ਦਾ ਆਪਣਾ ਮੌਲਿਕ ਆਵਿਸ਼ਕਾਰ ਹੈ। ਇਸ ਦੀ ਪ੍ਰਾਚੀਨਤਾ ਅਤੇ ਸੁੰਦਰਤਾ ਦੇ ਕਾਰਨ ਚਾਹੇ ਇਸਦਾ ਕਰਤਾ ਬ੍ਰਹਮਾ ਦੇਵਤੇ ਨੂੰ ਮੰਨਿਆ ਜਾਣ ਕਰਕੇ ਇਸ ਦਾ ਨਾਂ ਬ੍ਰਹਮੀ ਪਿਆ ਜਾਂ ਬ੍ਰਹਮਣਾਂ ਦੀ ਲਿੱਪੀ ਹੋ ਕਾਰਨ ਇਸ ਦਾ ਨਾਂ ਬ੍ਰਹਮੀ ਪਿਆ ਪਰ ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਇਸਦਾ ਫ਼ਨਿਸ਼ੀਅਨਾਂ ਨਾਲ ਕੋਈ ਸੰਬੰਧ ਨਹੀਂ। ਓਝਾ ਦੇ ਅਤਿਰਿਕਤ ਅਨੇਕਾਂ ਯੂਰਪੀ ਵਿਦਵਾਨਾਂ ਨੇ ਬ੍ਰਹਮੀ ਦੇ ਭਾਰਤੀ ਉਦਭਵ-ਸਰੋਤ ਦੇ ਪ੍ਰਤੀ ਆਪਣੀਆਂ ਧਾਰਨਾਵਾਂ ਵਿਅਕਤ ਕੀਤੀਆਂ ਹਨ। ਇਨਸਾਈਕਲੋਪੀਡੀਆ ਬ੍ਰਿਟੇਨਿਕਾ ਵਿੱਚ

punjabiforias.com by Satinder Sir

ਬ੍ਰਹਮੀ ਲਿਪੀ ਬਾਰੇ ਦਰਜ ਧਾਰਨਾ ਵਿੱਚ ਬੂਲਰ ਦੇ ਕਥਨ ਨੂੰ ਗੰਭੀਰਤਾ ਨਾਲ ਵੀ ਦੇਖਿਆ ਜਾਵੇ ਤਾਂ ਵੀ ਇਹ ਬਹੁਤਾ ਨਿਸ਼ਚਿਤ ਨਹੀਂ ਲੱਗਦਾ। ਏਡਵਰਡ ਥਾਮਸ ਸਵੀਕਾਰ ਕਰਦਾ ਹੈ ਕਿ ਬ੍ਰਹਮੀ ਅੱਖਰ ਭਾਰਤ ਵਾਸੀਆਂ ਨੇ ਹੀ ਬਣਾਏ ਹਨ ਅਤੇ ਏਨੇ ਸਰਲ ਅਤੇ ਸਪੱਸ਼ਟ ਬਣਾਏ ਜਾਣ ਦੀ ਉਨ੍ਹਾਂ ਲੋਕਾਂ ਦੀ ਬੁੱਧੀਮਾਨੀ ਪ੍ਰਗਟ ਹੁੰਦੀ ਹੈ। ਪ੍ਰੋ: ਡਾਊਸਨ ਅਨੁਸਾਰ 'ਬ੍ਰਹਮੀ ਲਿਪੀ ਦੀਆ ਵਿਸ਼ੇਸ਼ਤਾਵਾਂ ਹਰ ਪਾਸੇ ਤੋਂ ਵਿਦੇਸ਼ੀ ਉੱਤਪਤੀ ਤੋਂ ਇਨ੍ਹਾਂ ਦੀ ਸੁਤੰਤਰਤਾ ਪ੍ਰਗਟ ਕਰਦੀ ਹੈ ਅਤੇ ਵਿਸ਼ਵਾਸ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਸਭ ਤਰਕ ਅਤੇ ਅਨੁਮਾਰ ਉਨ੍ਹਾਂ ਦੇ ਸਵਤੰਤਰ ਆਵਿਸ਼ਕਾਰ ਹੋਣ ਦੇ ਪੱਖ ਵਿੱਚ ਹਨ।'

ਉਪਰੋਕਤ ਵਿਵੇਚਨ ਦਾ ਅੰਤਿਮ ਨਿਸ਼ਕਰਸ਼ ਇਹ ਹੈ ਕਿ ਬ੍ਰਹਮੀ ਲਿਪੀ ਦਾ ਆਵਿਸ਼ਕਾਰ ਭਾਰਤ ਵਿੱਚ ਭਾਰਤੀ ਆਰੀਆਂ ਦੁਆਰਾ ਹੀ ਹੋਇਆ ਹੈ ਪਰ ਇਸਦਾ ਆਵਿਸ਼ਕਾਰ ਕਦੋਂ ਹੋਇਆ, ਇਸ ਦਾ ਪ੍ਰਾਰੰਭਿਕ ਰੂਪ ਕਿਹੋ ਜਿਹਾ ਸੀ ਅਤੇ ਈ.ਪੂ. ਪੰਜਵੀਂ ਸਦੀ ਤੋਂ ਪਹਿਲਾਂ ਇਸਦੇ ਵਿਕਾਸ ਕਰਮ ਦੇ ਕਿੰਨੇ ਅਤੇ ਕਿਹੜੇ ਕਿਹੜੇ ਪੜਾਅ ਸਨ, ਇਨ੍ਹਾਂ ਸਾਰੇ ਪ੍ਰਸ਼ਨਾਂ ਬਾਰੇ ਉਪਰੋਕਤ ਵਿਵੇਚਨ ਤੋਂ ਕੋਈ ਉੱਤਰ ਨਹੀਂ ਮਿਲਦਾ।

# ਗੁਰਮੁਖੀ ਲਿਪੀ ਦੀ ਉਤਪਤੀ

## ਪ੍ਰੇਮ ਪ੍ਰਕਾਸ਼ ਸਿੰਘ

ਗੁਰਮੁਖੀ ਲਿਪੀ ਪੰਜਾਬ ਦੀ ਇੱਕ ਮਸ਼ਹੂਰ ਲਿਪੀ ਹੈ। ਲਿਪੀ ਵਿਗਿਆਨਕ ਤੌਰ 'ਤੇ ਗੁਰਮੁਖੀ ਨੂੰ ਅਰਧ-ਵਰਨਨਾਤਮਿਕ (Semi-alphabetic) ਲਿਪੀ ਕਹਿਣਾ ਹੀ ਯੋਗ ਹੈ। ਵਰਨਨਾਤਮਿਕ, ਅੱਖਰਾਤਮਿਕ ਅਤੇ ਸ਼ਬਦਾਤਮਿਕ (Alphabetic Syllabic, Word Syllabic) ਇਹ ਤਿੰਨ ਕਿਸਮਾਂ ਫੋਨੈਟਿਕ ਲਿਪੀ ਦੀਆਂ ਹੀ ਹੁੰਦੀਆਂ ਹਨ। ਸਭ ਤੋਂ ਵੱਧ ਵਿਗਿਆਨਿਕ ਲਿਪੀ ਵਰਨਨਤਾਮਕ ਲਿਪੀ ਮੰਨੀ ਜਾਂਦੀ ਹੈ ਜਿਸ ਵਿੱਚ ਹਰ ਧੁਨੀ ਲਈ ਸਣੇ ਸੂਰਾਂ ਤੇ ਵਿਅੰਜਨਾਂ ਦੇ ਇੱਕ ਸੁਤੰਤਰ ਲਿਪੀ-ਚਿੰਨ੍ਹ ਨਿਸ਼ਚਿਤ ਹੁੰਦਾ ਹੈ। ਇੱਕ ਪੱਖ ਤੋਂ ਰੋਮਨ ਲਿਪੀ ਪੂਰਨ ਵਰਨਨਾਤਮਿਕ ਲਿਪੀ ਹੈ ਪਰ ਗੁਰਮੁਖੀ ਬਾਕੀ ਭਾਰਤੀ ਲਿਪੀਆਂ ਵਾਂਗੂ ਪੂਰਨ ਭਾਂਤ ਵਰਨਨਾਤਮਿਕ ਨਹੀਂ ਕਿਉਂਕਿ ਗੁਰਮੁਖੀ ਵਿੱਚ ਭਾਵੇ ਇੱਕ ਪਾਸੇ ਹਰ ਧੁਨੀ ਲਈ ਵੱਖਰਾ ਚਿੰਨ੍ਹ ਹੈ ਪਰ ਲਿਖਣ ਵੇਲੇ ਸੂਰ-ਧੁਨੀਆਂ ਨੂੰ ਸਿਹਾਰੀ ਬਿਹਾਰੀ ਆਦਿ ਦੀ ਸ਼ਕਲ ਵਿੱਚ ਵਿਅੰਜਨ-ਚਿੰਨ੍ਹਾਂ ਦੇ ਨਾਲ ਹੀ ਜੋੜ ਦਿੱਤਾ ਜਾਂਦਾ ਹੈ। ਜਿਸ ਦਾ ਮਤਲਬ ਹੈ ਕਿ ਗੁਰਮੁਖੀ ਲਿਪੀ ਵਿੱਚ ਦੋ ਧੁਨੀਆਂ ਲਈ ਕਿਤੇ-ਕਿਤੇ ਇੱਕ ਲਿਪੀ-ਚਿੰਨ੍ਹ ਹੀ ਵਰਤਿਆ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਗੁਰਮੁਖੀ ਨੂੰ ਅਰਧ-ਵਰਨਨਾਤਮਿਕ ਲਿਪੀ-ਪ੍ਰਕਾਰ ਵਿੱਚ ਰੱਖਣਾ ਹੀ ਉਚਿਤ ਹੈ।

ਗੁਰਮੁਖੀ ਭਾਰਤੀ ਲਿਪੀ ਹੋਣ ਦੇ ਨਾਤੇ ਭਾਰਤ ਦੀ ਪ੍ਰਾਚੀਨਤਮ ਲਿਪੀ 'ਬ੍ਰਾਹਮੀ' ਨਾਲ ਜਾ ਮਿਲਦੀ ਹੈ। ਬ੍ਰਾਹਮੀ ਤੋਂ ਹੀ ਕਈ ਪੜਾਅ ਪਾਰ ਕਰਕੇ ਗੁਰਮੁਖੀ ਅੱਜ ਦੇ ਰੂਪ ਨੂੰ ਪ੍ਰਾਪਤ ਹੋਈ ਹੈ। ਭਾਰਤ ਦੀ ਲਿਖਣ-ਕਲਾ ਦੇ ਇਤਿਹਾਸ ਵਿੱਚ ਬ੍ਰਾਹਮੀ ਹੀ ਇੱਕ ਅਜਿਹੀ ਪੁਰਾਣੀ ਲਿਪੀ ਮਿਲਦੀ ਹੈ ਜਿਸ ਦੇ ਲਿਖਿਤ ਇਤਿਹਾਸਿਕ ਪ੍ਰਮਾਣ ਅੱਜ ਵੀ ਦ੍ਰਿਸ਼ਟੀ-ਗੋਚਰ ਹੁੰਦੇ ਹਨ। ਤੀਸਰੀ ਸਦੀ ਪੂਰਵ ਈਸਵੀ ਵਿੱਚ ਅਸ਼ੋਕ ਨੇ ਜਿਹੜੇ ਆਪਣੇ ਧਰਮ-ਲੇਖ ਥੰਮ੍ਹਾਂ, ਸ਼ਿਲਾਵਾਂ, ਪੱਥਰਾਂ ਅਤੇ ਪਹਾੜੀ ਨੁਕਰਾਂ ਉੱਤੇ ਉਕਰਾਏ ਸਨ, ਉਹ ਬ੍ਰਾਹਮੀ ਲਿਪੀ ਵਿੱਚ ਹੀ ਲਿਖੇ ਗਏ ਸਨ ਭਾਵੇਂ ਅਣਵੰਡੇ ਭਾਰਤ ਦੇ ਸਰਹੱਦੀ ਸੂਬੇ ਵਿੱਚ ਉਹ ਸ਼ਿਲਾਲੇਖ ਖਰੋਸ਼ਠੀ ਲਿਪੀ ਵਿੱਚ ਵੀ ਲਿਖੇ ਮਿਲੇ ਹਨ। ਫਿਰ ਵੀ ਭਾਰਤ ਦੀ ਪ੍ਰਧਾਨ ਲਿਪੀ ਬ੍ਰਾਹਮੀ ਹੀ ਰਹੀ ਹੈ।

ਚੌਥੀ-ਤੀਸਰੀ ਸਦੀ ਵਿੱਚ ਉਪਲੱਬਧ ਇਹੋ ਬ੍ਰਾਹਮੀ ਹੀ ਫ਼ਾਰਸੀ ਲਿਪੀ ਨੂੰ ਛੱਡ ਕੇ ਭਾਰਤ ਦੀਆਂ ਬਾਕੀ ਅਜੋਕੀਆਂ ਸਾਰੀਆਂ ਲਿਪੀਆਂ ਦਾ ਮੂਲ ਸੋਮਾ ਹੈ। ਬ੍ਰਾਹਮੀ ਦੇ ਇਤਿਹਾਸਕ ਵਿਕਾਸ ਨਾਲ ਗੁਰਮੁਖੀ ਦੇ ਨਿਕਾਸ ਦੀ ਸਾਰੀ ਕਹਾਣੀ ਜੁੜੀ ਹੋਈ ਹੈ। ਪੰ. ਗੌਰੀ ਸ਼ੰਕਰ ਹੀਰਾ ਚੰਦ ਓਝਾ ਨੇ ਪ੍ਰਾਚੀਨ ਲਿਪੀ ਮਾਲਾ ਵਿੱਚ ਬ੍ਰਾਹਮੀ ਦੀਆਂ ਦੋ ਪ੍ਰਧਾਨ ਸ਼ੈਲੀਆਂ ਦਾ ਜ਼ਿਕਰ

ਕੀਤਾ ਹੈ, ਦੱਖਣੀ ਸ਼ੈਲੀ ਅਤੇ ਉੱਤਰੀ ਸ਼ੈਲੀ।

ਪੰਡਿਤ ਓਝਾ ਜੀ ਨੇ ਲਿਖਿਆ ਹੈ ਕਿ, "ਈ.ਸੰ. ਪੂਰਵ 500 ਦੇ ਨੇੜੇ ਤੇੜੇ ਤੋਂ ਲੈ ਕੇ ਈ.ਸੰ. 350 ਦੇ ਆਸ-ਪਾਸ ਤੱਕ ਦੀਆਂ ਸਾਰੇ ਭਾਰਤਵਰਸ਼ ਦੀਆਂ ਲਿਪੀਆਂ ਦਾ ਸੋਮਾ ਬ੍ਰਾਹਮੀ ਨੂੰ ਮੰਨਿਆ ਹੈ। ਇਸ ਤੋਂ ਪਿੱਛੋਂ ਉਸ ਦਾ ਲਿਖਣ ਪ੍ਰਵਾਹ ਦੋ ਸੋਮਿਆਂ ਵਿੱਚ ਵੰਡਿਆ ਜਾਂਦਾ ਹੈ ਜਿਨ੍ਹਾਂ ਨੂੰ ਉੱਤਰੀ ਅਤੇ ਦੱਖਣੀ ਸ਼ੈਲੀ ਕਹਾਂਗੇ। ਉੱਤਰੀ ਸ਼ੈਲੀ ਦਾ ਪ੍ਰਚਾਰ ਵਿੰਧਿਆਚਲ ਤੋਂ ਉੱਤਰ ਵਿੱਤ ਦੱਖਣੀ ਸ਼ੈਲੀ ਅਤੇ ਵਿੰਧਿਆਚਲ ਤੇ ਦੱਖਣ ਵਿੱਚ ਉੱਤਰੀ ਸ਼ੈਲੀ ਦੇ ਲੇਖ ਕਿਤੇ-ਕਿਤੇ ਮਿਲਦੇ ਹਨ।"ਬ੍ਰਹਮੀ ਦੀ ਦੱਖਣੀ ਸ਼ੈਲੀ ਵਿੱਚੋਂ ਪੱਛਮੀ, ਮੱਧਦੇਸੀ, ਤੇਲਗੂ, ਕੰਨੜੀ, ਗ੍ਰੰਥ ਲਿਪੀ, ਕਲਿੰਗ ਲਿਪੀ, ਤਾਮਿਲ ਲਿਪੀ ਅਤੇ ਵੱਟੇਲੁਤੂ ਲਿਪੀਆਂ ਦਾ ਨਿਕਾਸ ਹੋਇਆ ਹੈ। ਬ੍ਰਾਹਮੀ ਦੀ ਉੱਤਰੀ ਸ਼ੈਲੀ ਵਿੱਚੋਂ ਗੁਪਤ ਲਿਪੀ, ਕੁਟਿਲ ਲਿਪੀ, ਨਾਗਰੀ, ਸ਼ਾਰਦਾ, ਬੰਗਲਾ ਆਦਿ ਲਿਪੀਆਂ ਨਿੱਕਲੀਆਂ ਹਨ। ਪ੍ਰਾਚੀਨ ਉੱਤਰੀ ਭਾਰਤ ਵਿੱਚ ਇਹਨਾਂ ਉੱਤਰੀ ਸ਼ੈਲੀ ਦੀਆਂ ਲਿਪੀਆਂ ਦਾ ਹੀ ਪ੍ਰਚਾਰ ਰਿਹਾ ਹੈ, ਜਿਨ੍ਹਾਂ ਵਿੱਚੋਂ ਅਲੱਗ-ਅਲੱਗ ਇਲਾਕਿਆਂ ਦੀਆਂ ਅਗਲੀਆਂ ਲਿਪੀਆਂ ਵਿਕਸਿਤ ਹੋਈਆਂ ਹਨ। ਲਿਪੀ ਵਿਕਾਸ ਦਾ ਇਹ ਕ੍ਰਮ ਹੁਣ ਤੱਕ ਚੱਲਦਾ ਰਿਹਾ ਹੈ। ਉੱਤਰੀ ਸ਼ੈਲੀ ਦੀ ਗੁਪਤ ਲਿਪੀ, ਗੁਪਤ ਲਿਪੀ ਦੀ ਕੁਟਿਲ ਲਿਪੀ ਅਤੇ ਕੁਟਿਲ ਲਿਪੀ ਵਿੱਚੋਂ ਸ਼ਾਰਦਾ ਲਿਪੀ ਦਾ ਜਨਮ ਹੋਇਆ । ਉੱਤਰੀ ਸ਼ੈਲੀ ਦੀਆਂ ਇਹਨਾਂ ਲਿਪੀਆਂ ਦੇ ਹੀ ਕਿਸੇ ਇੱਕ ਰੂਪ ਨਾਲ ਗੁਰਮੁਖੀ ਦੇ ਨਿਕਾਸ ਦੀ ਸੰਭਾਵਨਾ ਕੀਤੀ ਜਾ ਸਕਦੀ ਹੈ। ਇਸ ਸੰਬੰਧ ਵਿੱਚ ਦੋ-ਇੱਕ ਪ੍ਰਮੁੱਖ ਖੋਜੀਆਂ ਦੇ ਸਿੱਧਾਂਤ ਵਿਚਾਰਨਯੋਗ ਹਨ। ਪੁਰਾਤੱਤਵ ਖੋਜੀ ਪੰਡਿਤ ਓਝਾ ਜੀ ਨੇ ਸੰਨ 1894 ਵਿੱਚ ਪ੍ਰਚੀਨ ਲਿਪੀ ਮਾਲਾ ਅੰਦਰ ਗੁਰਮੁਖੀ ਦਾ ਨਿਕਾਸ ਸ਼ਾਰਦਾ ਲਿਪੀ ਤੋਂ ਮੰਨਿਆ ਹੈ। ਓਝਾ ਜੀ ਅਨੁਸਾਰ ਸ਼ਾਰਦਾ ਦਾ ਪ੍ਰਚਾਰ ਕਸ਼ਮੀਰ ਅਤੇ ਪੰਜਾਬ ਵਿੱਚ ਰਿਹਾ। 8ਵੀਂ ਸਦੀ ਈਸਵੀ ਦੇ ਚੰਬਾ ਵਿੱਚ ਪ੍ਰਾਪਤ ਰਾਜਾ ਮੇਰੁਵਰਮਾ ਦੇ ਲੇਖ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਤੱਕ ਤਾਂ ਪੰਜਾਬ ਵਿੱਚ ਵੀ ਕੁਟਿਲ ਲਿਪੀ ਦਾ ਪ੍ਰਚਾਰ ਸੀ, ਪਿੱਛੋਂ ਉਸੇ ਕੁਟਿਲ ਲਿਪੀ ਤੋਂ ਸ਼ਾਰਦਾ ਲਿਪੀ ਬਣੀ। ਇਸੇ ਸ਼ਾਰਦਾ ਲਿਪੀ ਤੋਂ ਵਰਤਮਾਨ ਕਸ਼ਮੀਰੀ ਅਤੇ ਟਾਕਰੀ ਲਿਪੀਆਂ ਨਿਕਲੀਆ ਹਨ ਅਤੇ ਗੁਰਮੁਖੀ ਦੇ ਜ਼ਿਆਦਾ ਅੱਖਰ ਵੀ ਇਸੇ ਤੋਂ ਹੀ ਨਿਕਲੇ ਹਨ। ਓਝਾ ਜੀ ਨੇ ਕਸ਼ਮੀਰ ਦੀ ਲਿਪੀ ਸ਼ਾਰਦਾ ਅਤੇ ਪੰਜਾਬ ਦੀ ਲਿਪੀ ਗੁਰਮੁਖੀ ਦੇ ਸੰਬੰਧਾਂ ਨੂੰ ਘਨਿਸ਼ਠ ਸਮਝਦਿਆਂ ਹੋਇਆਂ ਦੋਹਾਂ ਨੂੰ ਇਕੋ ਪਲੇਟ ਵਿੱਚ ਰੱਖਿਆ ਹੈ। ਦੋ ਸਾਲ ਬਾਅਦ ਸੰਨ 1896 ਵਿੱਚ ਡਾਕਟਰ ਬਿਊਹਲਰ (Buhler) ਨੇ ਜਰਮਨ ਭਾਸ਼ਾ ਵਿੱਚ ਜਿਹੜੀ ਪੁਸਤਕ ਇੰਡੀਸੇ ਪੈਲੀਓਗ੍ਰੈਫੀ (Indische Palaeography) ਲਿਖੀ, ਉਸ ਵਿੱਚ ਟਾਕਰੀ ਨੂੰ ਸ਼ਾਰਦਾ ਦਾ ਆਧੁਨਿਕ ਰੂਪ ਤਾਂ ਦੱਸਿਆ ਹੈ ਪਰੰਤੂ ਗੁਰਮੁਖੀ ਬਾਰੇ ਮੌਨ ਹੀ ਸਾਧਿਆ ਹੈ।

ਸੰਨ 1904 ਵਿੱਚ ਡਾ. ਗ੍ਰੀਅਰਸਨ ਨੇ ਜਨਰਲ ਆਫ ਰਾਇਲ ਏਸ਼ੀਆਟਿਕ ਸੁਸਾਇਟੀ ਵਿੱਚ ਪ੍ਰਕਾਸ਼ਿਤ ਅਤੇ ਆਪਣੇ ਇੱਕ ਲੇਖ ਦੁਆਰਾ ਗੁਰਮੁਖੀ ਦੇ ਨਿਕਾਸ ਦੇ ਪ੍ਰਸ਼ਨ ਨੂੰ ਛੂਹਿਆ ਹੈ। ਉਸ ਅਨੁਸਾਰ ਗੁਰਮੁਖੀ ਤੋਂ ਪਹਿਲਾਂ ਪੰਜਾਬ ਦੇ ਮੈਦਾਨੀ ਇਲਾਕੇ ਅਤੇ ਸਿੰਧ ਵਿੱਚ 'ਲੰਡੇ' ਅੱਖਰਾਂ ਦਾ ਪ੍ਰਚਾਰ ਸੀ। ਲੰਡੇ ਅੱਖਰ ਟਾਕਰੀ ਨਾਲ ਮਿਲਦੇ-ਜੁਲਦੇ ਸਨ, ਪਰ ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਨੇ ਲੰਡੇ ਅੱਖਰਾਂ ਨੂੰ ਅਧੂਰੇ ਸਮਝਿਆ ਅਤੇ ਦੇਵਨਾਗਰੀ ਵਿੱਚੋਂ ਆਵਸ਼ਕ ਚਿੰਨ੍ਹ ਲੈ ਕੇ ਲੰਡੇ ਅੱਖਰਾਂ ਦਾ ਸੁਧਾਰ ਕੀਤਾ। ਲੰਡਿਆਂ ਦਾ ਸੁਧਰਿਆ ਰੂਪ ਹੀ ਗੁਰਮੁਖੀ ਹੈ। ਗ੍ਰੀਅਰਸ਼ਨ ਨੇ ਉੱਤਰ-ਪੱਛਮੀ ਭਾਰਤੀ ਪ੍ਰਦੇਸ਼ ਦੀਆਂ ਗੁਰਮੁਖੀ ਤੇ ਸ਼ਾਰਦਾ ਦੋ ਸਾਹਿਤਕ ਲਿਪੀਆਂ ਮੰਨੀਆਂ ਹਨ ਅਤੇ ਲੰਡੇ ਤੇ ਟਾਕਰੀ ਅਸਾਹਿਤਿਕ ਲਿਪੀਆਂ ਦੱਸੀਆਂ ਹਨ। ਪਰ ਨਾਲ ਹੀ ਇਹਨਾਂ ਚਾਰਾਂ ਲਿਪੀਆਂ ਦੇ ਨਿਕਟ ਸੰਬੰਧਾਂ ਨੂੰ ਵੀ ਸਥਾਪਿਤ ਕੀਤਾ ਹੈ। ਗ੍ਰੀਅਰਸਨ ਨੇ ਗੁਰਮੁਖੀ ਤੇ ਸ਼ਾਰਦਾ ਦੇ ਸੰਬੰਧ ਦੀ ਚਰਚਾ ਕੋਈ ਖੁੱਲ੍ਹ ਕੇ ਨਹੀਂ ਕੀਤੀ।

ਕੁਝ ਚਿਰ ਪਿੱਛੋਂ ਸੰਸਕ੍ਰਿਤ ਦੇ ਡਚ ਵਿਦਵਾਨ ਵੋਗਲ (Vogel) ਨੇ ਚੰਬਾ ਤੇ ਕਾਂਗੜਾ ਦੇ ਪੁਰਾਤਨ ਲਿਪੀ-ਲੇਖਾਂ ਦਾ ਭਰਪੂਰ ਅਧਿਐਨ ਕੀਤਾ ਅਤੇ ਸੰਨ 1911 ਵਿੱਚ ਛਪੇ ਐਟੀਕਿਟੀਜ਼ ਆਫ ਚੰਬਾ ਸਟੇਟ ਨਾਮਕ ਆਪਣੇ ਗ੍ਰੰਥ ਵਿੱਚ ਗੁਰਮੁਖੀ

punjabiforias.com by Satinder Sir

ਦੀ ਉੱਤਪਤੀ ਬਾਰੇ ਲਿਖਿਆ ਹੈ ਕਿ "ਇਸ ਵਿੱਚ ਜ਼ਰਾ ਵੀ ਸ਼ੱਕ ਨਹੀਂ ਕਿ ਗੁਰਮੁਖੀ ਜਿਹੜੀ ਕਿ ਅਜੋਕੇ ਪੰਜਾਬ ਦੀ ਜਨਭਾਸ਼ਾ ਦੀ ਲਿਪੀ ਹੈ, ਪ੍ਰਾਚੀਨ ਸ਼ਾਰਦਾ ਲਿਪੀ ਦੀ ਹੀ ਸੰਤਾਨ ਹੈ। ਕ, ਜ, ਣ, ਨ, ਯ, ਲ, ਵ ਅਤੇ ਹ ਅੱਖਰਾਂ ਦਾ ਵਿਕਾਸ ਵਚਿੱਤਰ ਹੈ ਪਰ ਸਮੁੱਚੇ ਤੌਰ ਤੇ ਗੁਰਮੁਖੀ ਵਿੱਚ ਪੁਰਾਣੀਆਂ ਸ਼ਕਲਾਂ ਸੁਰੱਖਿਅਤ ਹਨ।" ਡਚ ਵਿਦਵਾਨ ਸ੍ਰੀ ਵੋਗਲ ਦਾ ਇਹ ਨਿਸ਼ਕਰਸ਼ ਪੰਡਿਤ ਗੌਰੀ ਸ਼ੰਕਰ ਹੀਰਾ ਚੰਦ ਓਝਾ ਜੀ ਨੇ ਮੁੜ ਪੁਸ਼ਟ ਕੀਤਾ ਹੈ।

ਦੂਜੇ ਪਾਸੇ ਸੰਨ 1949 ਵਿੱਚ ਜੀ.ਬੀ. ਸਿੰਘ ਨੇ, ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ ਪੁਸਤਕ ਦੀ ਰਚਨਾ ਕੀਤੀ। ਉਕਤ ਪੁਸਤਕ ਵਿੱਚ ਖੁਰਾਸ਼ਨ ਵਾਸੀ ਅਰਬੀ ਵਿਦਵਾਨ ਅਲਬੇਰੂਨੀ ਦੇ ਭਾਰਤੀ ਪ੍ਰਾਚੀਨ ਲਿਪੀਆਂ ਸੰਬੰਧੀ ਹਵਾਲੇ ਦਿੱਤੇ ਹਨ। ਅਲਬੇਰੂਨੀ ਅਨੁਸਾਰ ਉਸ ਵੇਲੇ ਸਭ ਤੋਂ ਵੱਧ ਪ੍ਰਚਲਿਤ ਲਿਪੀ 'ਸਿਧ-ਮਾਤ੍ਰਿਕਾ' ਸੀ। ਅਲਬੇਰੂਨੀ ਨੇ ਭਾਟੀ ਦੇਸ਼ ਅਤੇ ਸਿੰਧ ਦੇ ਕੁਝ ਹਿੱਸਿਆਂ ਵਿੱਚ ਵਰਤੀਂਦੀ ਆਪਣੇ ਸਮੇਂ ਦੀ ਲਿਪੀ ਨੂੰ ਅਰਧ-ਨਾਗਰੀ ਦੱਸਿਆ ਹੈ। ਜੀ.ਬੀ. ਸਿੰਘ ਨੇ ਅਲਬੇਰੂਨੀ ਦੇ ਇਹਨਾਂ ਕਥਨਾਂ ਨੂੰ ਆਧਾਰ ਬਣਾ ਕੇ ਆਪਣਾ ਮਤ ਸਥਾਪਿਤ ਕੀਤੀ ਹੈ ਕਿ ਗੁਰਮੁਖੀ ਦਾ ਨਿਕਾਸ ਅਲਬੇਰੂਨੀ ਦੁਆਰਾ ਸੰਕੇਤਿਤ ਅਰਧ-ਨਾਗਰੀ ਤੋਂ ਹੈ ਜਿਹੜੀ ਨਾਗਰੀ ਅਤੇ ਸਿੱਧ-ਮਾਤ੍ਰਿਕਾ ਦੇ ਵਿਚਕਾਰ ਵਿਕਸਿਤ ਸੀ। ਅਰਧ-ਨਾਗਰੀ ਤੋਂ ਹੀ ਭੱਟਛਰੀ ਦਾ ਵਿਕਾਸ ਹੋਇਆ ਅਤੇ ਭੱਟਛਰੀ ਤੋਂ ਗੁਰਮੁਖੀ, ਸ਼ਰਾਫ਼ੀ, ਉੱਚੀ, ਟਾਕਰੀ ਉਤਪੰਨ ਹੋਈਆਂ ਹਨ। ਜੀ.ਬੀ. ਸਿੰਘ ਨੇ ਇਉਂ ਗੁਰਮੁਖੀ ਦਾ ਨਿਕਾਸ ਅਰਧ-ਨਾਗਰੀ ਤੋਂ ਹੀ ਮੰਨਿਆ ਹੈ।

ਇਸ ਤਰ੍ਹਾਂ ਦੇ ਸਿਧਾਂਤ ਸਾਡੇ ਸਾਮ੍ਹਣੇ ਆ ਜਾਂਦੇ ਹਨ। ਇੱਕ ਅਨੁਸਾਰ ਗੁਰਮੁਖੀ ਸ਼ਾਰਦਾ-ਲਿਪੀ ਵਰਗ ਤੋਂ ਉਤਪੰਨ ਹੋਈ ਲਿਪੀ ਹੈ ਅਤੇ ਦੂਜੇ ਅਨੁਸਾਰ ਇਸ ਦਾ ਜਨਮ ਅਰਧ-ਨਾਗਰੀ ਤੋਂ ਹੁੰਦਾ ਹੈ। ਪਰ ਜੇਕਰ ਇਹਨਾਂ ਸਿਧਾਂਤਾਂ ਦਾ ਸਹੀ ਵਿਵੇਚਨ ਕਰੀਏ ਤਾਂ ਪ੍ਰਾਚੀਨ ਸ਼ਾਰਦਾ ਤੋਂ ਗੁਰਮੁਖੀ ਦੇ ਨਿਕਾਸ ਦਾ ਸਿਧਾਂਤ ਵੱਧ ਵਿਗਿਆਨਕਿ ਪ੍ਰਤੀਤ ਹੁੰਦਾ ਹੈ। ਇਕ ਤਾਂ ਇਸ ਲਈ ਕਿ ਭਾਰਤੀ ਤੇ ਯੂਰਪੀ ਖੋਜੀਆਂ ਨੇ ਸ਼ਿਲਾਲੇਖਾਂ ਅਤੇ ਹੋਰ ਪੁਰਾਤੱਤਵਾਂ ਨੂੰ ਵਿਗਿਆਨਿਕ ਪੱਧਤੀ ਨਾਲ ਵਾਚ ਕੇ ਗੁਰਮੁਖੀ, ਟਾਕਰੀ ਤੇ ਸ਼ਾਰਦਾ ਦਾ ਤੁਲਨਾਤਮਿਕ ਅਧਿਐਨ ਕੀਤਾ ਹੈ ਅਤੇ ਇਸ ਅਧਿਐਨ ਦੇ ਫਲ ਵਜੋਂ ਆਪਣਾ ਮਤ ਪ੍ਰਸਤੁਤ ਕੀਤਾ ਹੈ। ਨਿਸ਼ਚੇ ਹੀ ਇਹਨਾਂ ਦੀ ਖੋਜ ਵੱਧ ਯਥਾਰਥ ਪ੍ਰਮਾਣਾਂ ਨਾਲ ਪੁਸ਼ਟ ਹੈ ਅਤੇ ਦੂਜੀ ਗੱਲ ਇਹ ਹੈ ਕਿ ਅਰਧ-ਨਾਗਰੀ ਦਾ ਭਾਰਤੀ ਪੁਸਤਕਾਂ ਵਿੱਚ ਕੋਈ ਹਵਾਲਾ ਨਹੀਂ ਮਿਲਦਾ। ਨੰਦੀ ਨਾਗਰੀ, ਦੇਵ ਨਾਗਰੀ, ਨਾਗਰੀ ਇਸ ਤਰ੍ਹਾਂ ਦੇ ਵਿਵਿਧ ਨਾਂ ਤਾਂ ਮਿਲਦੇ ਹਨ।

ਜੀ.ਬੀ. ਸਿੰਘ ਨੇ ਮੁੜ-ਮੁੜ ਇਸ ਗੱਲ ਉੱਤੇ ਜ਼ੋਰ ਦਿੱਤਾ ਹੈ ਕਿ ਗੁਰਮੁਖੀ ਪੰਜਾਬ ਦੀਆਂ ਹੋਰ ਲਿਪੀਆਂ ਸ਼ਾਰਦਾ, ਟਾਕਰੀ, ਸ਼ਰਾਫ਼ੀ ਨਾਲ ਦੇਵਨਾਗਰੀ ਨਾਲੋਂ ਵਧੀਕ ਡੂੰਘੀ ਸਾਂਝ ਰੱਖਦੀ ਹੈ। ਅਰਧ ਨਾਗਰੀ ਨਾਂ ਤੋਂ ਹੀ ਸਪੱਸ਼ਟ ਹੈ ਕਿ ਉਸ ਵਿੱਚ ਦੇਵਨਾਗਰੀ ਨਾਲ ਮਿਲਦੇ-ਜੁਲਦੇ ਘੱਟੋ ਘੱਟ ਅੱਧੇ ਅੱਖਰ ਤਾਂ ਅਵੱਸ਼ ਹੋਣਗੇ, ਪਰ ਹਕੀਕਤ ਇਹ ਨਹੀਂ ਹੈ। ਜੇਕਰ ਗੁਰਮੁਖੀ ਅਰਧ-ਨਾਗਰੀ ਤੋਂ ਨਿਕਲੀ ਹੁੰਦੀ ਤਾਂ ਗੁਰਮੁਖੀ ਵਿੱਚ ਦੇਵਨਾਗਰੀ ਨਾਲ ਸਾਂਝੇ ਕਈ ਅੱਖਰ ਹੁੰਦੇ। ਟ ਤੇ ਠ ਨੂੰ ਛੱਡ ਕੇ ਅਜਿਹਾ ਨਹੀਂ ਹੈ। ਜੀ.ਬੀ. ਸਿੰਘ ਨੇ ਟਾਕਰੀ ਨੂੰ ਗੁਰਮੁਖੀ ਦੀ ਸਕੀ ਭੈਣ ਦੱਸਿਆ ਹੈ ਜਿਵੇਂ ਕਿ ਉਹਨਾਂ ਦੇ ਲਿਪੀ-ਬ੍ਰਿਛ ਤੋਂ ਪ੍ਰਗਟ ਹੈ। ਪਰ ਵਿਦਵਾਨ ਸਿੱਧ ਕਰ ਚੁੱਕੇ ਹਨ ਕਿ ਟਾਕਰੀ ਪ੍ਰਾਚੀਨ ਸ਼ਾਰਦਾ ਤੋਂ ਨਿਕਲੀ ਹੈ। ਟਾਕਰੀ ਤੇ ਗੁਰਮੁਖੀ ਦਾ ਮੇਲ ਬਹੁਤ ਹੈ। ਇਸ ਲਈ ਇਹਨਾਂ ਮਿਲਵੀਆਂ ਲਿਪੀਆਂ ਦੇ ਅੱਡ-ਅੱਡ ਸੋਮੇਂ ਕਲਪਿਤ ਨਹੀਂ ਕੀਤੇ ਜਾ ਸਕਦੇ। ਨਿਸ਼ਚੇ ਹੀ ਸਾਨੂੰ ਸ਼ਾਰਦਾ ਵਾਲੇ ਸਿਧਾਂਤ ਨਾਲ ਸਹਿਮਤ ਹੋਣਾ ਪਵੇਗਾ।

punjabiforias.com by Satinder Sir

ਇਹ ਸੰਭਵ ਹੈ ਕਿ ਪੁਰਾਣੇ ਸਮੇਂ ਵਿੱਚ ਗੁਰਮੁਖੀ ਦੇ ਪੁਰਾਣੇ ਰੂਪ ਨੂੰ ਜਦੋਂ ਇਸ ਲਿਪੀ ਦਾ ਨਾਂ ਗੁਰਮੁਖੀ ਨਹੀਂ ਸੀ ਪਿਆ, ਭਟਛੱਰੀ, ਲੰਡੇ, ਅਰਧਨਾਗਰੀ, ਉੱਚੀ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੋਵੇਗਾ। ਪਰ ਇਹ ਸਾਰੇ ਰੂਪ ਸ਼ਾਰਦਾ ਲਿਪੀ ਵਰਗ ਦੀ ਸੰਤਾਨ ਹਨ। ਇਹਨਾਂ ਦਾ ਕ੍ਰਮ ਪ੍ਰਾਚੀਨ ਸ਼ਾਰਦਾ ਨਾਲ ਮਿਲ ਜਾਂਦਾ ਹੈ।

ਹੁਣੇ ਜਿਹੇ ਸੰਨ 1966 ਵਿੱਚ ਪ੍ਰਕਾਸ਼ਿਤ ਦੀ ਲੈਂਗੁਏਜ ਐਂਡ ਸਕ੍ਰਿਪਟ ਪਰਾਬਲਮ ਇਨ ਦੀ ਪੰਜਾਬ (The Language and Script Problem in the Punjab) ਪੁਸਤਕ ਵਿੱਚ ਸ੍ਰੀ ਜਯ ਚੰਦ੍ਰ ਵਿਦਿਆਲੰਕਾਰ ਨੇ ਵੀ ਸਿੱਧ ਕੀਤਾ ਹੈ ਕਿ ਗੁਰਮੁਖੀ ਸ਼ਾਰਦਾ ਦਾ ਹੀ ਵਿਕਸਿਤ ਰੂਪ ਹੈ ਜਿਹੜੀ ਕਿ ਪੰਜਾਬ ਵਿੱਚ ਸੋਲ੍ਹਵੀਂ ਸਦੀ ਤੱਕ ਪ੍ਰਚੱਲਿਤ ਰਹੀ। ਪੰਜਾਬ ਦੇ ਕਈ ਇਲਾਕਿਆਂ ਵਿੱਚੋਂ ਪ੍ਰਾਪਤ ਪੁਰਾਣੇ ਸਿੱਕੇ, ਦਾਨ-ਪਤ੍ਰ, ਪ੍ਰਸ਼ਸਤੀਆਂ ਦੇ ਅੱਖਰ ਗੁਰਮੁਖੀ ਨਾਲ ਮਿਲਦੀ ਪ੍ਰਾਚੀਨ ਸ਼ਾਰਦਾ ਦੇ ਸਿੱਧ ਹੁੰਦੇ ਹਨ। ਪੱਛਮੀ ਪੰਜਾਬ ਦੇ ਉੱਛ ਜਾਂ ਉੱਛਾਪੁਰੀ ਦੇ ਵਾਸੀ ਸ੍ਰੀ ਉਂਦਰ ਨੇ ਜਿਹੜਾ ਦਾਨ ਪੱਤਰ ਲਿਖਵਾਇਆ ਸੀ, ਉਸ ਵਿੱਚ ਇੱਕ ਤੁਕ ਅਜੇਹੀ ਹੈ ਜਿਹੜੀ ਪੁਰਾਣੀ ਗੁਰਮੁਖੀ ਜਾਂ ਸ਼ਾਰਦਾ ਲਿਪੀ ਨਾਲ ਮਿਲਦੀ ਹੈ। ਯਜਦਾਨੀ ਨੇ ਐਪੀਗ੍ਰੈਫੀਆ ਇੰਡੋ-ਮੁਸਲਮਿਕਾ ਵਿੱਚ ਉਸ ਨੂੰ ਸ਼ਾਰਦਾ ਕਿਹਾ ਹੈ। ਲਾਹੌਰ ਵਿੱਚ ਘੜੇ ਮਹਮੂਦ ਗਜ਼ਨਵੀ ਦੇ ਸਿੱਕੇ ਉੱਤੇ ਅਜੇਹੇ ਹੀ ਅੱਖਰ ਮਿਲੇ ਹਨ। ਇਹਨਾਂ ਵਿਚਾਰਾਂ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਗੁਰਮੁਖੀ ਦਾ ਨਿਕਾਸ ਪ੍ਰਾਚੀਨ ਸ਼ਾਰਦਾ ਤੋਂ ਹੀ ਹੈ ਜਿਹੜੀ ਕੁਟਿਲ ਲਿਪੀ ਤੇ ਗੁਪਤ ਲਿਪੀ ਵਿੱਚ ਹੁੰਦੀ ਹੋਈ ਬ੍ਰਾਹਮੀ ਦੀ ਉੱਤਰੀ ਸ਼ੈਲੀ ਨਾਲ ਜਾ ਮਿਲਦੀ ਹੈ।

## ਗੁਰਮੁਖੀ ਅੱਖਰਾਂ ਦੇ ਸੋਮੇਂ

### ਜੋਗਿੰਦਰ ਸਿੰਘ

ਬ੍ਰਹਮੀ ਦੇ ਵਿਕਾਸ ਦਾ ਸਮਾਂ 500 B.C. ਤੋਂ ਲੈ ਕੇ 400 A.D. ਤੱਕ ਦਾ ਹੈ। ਪਰੰਤੂ ਇਸ ਦੌਰਾਨ ਵਿੱਚ ਬ੍ਰਹਮੀ ਲਿਪੀ ਪੰਜਾਬ ਵਿੱਚ ਪ੍ਰਚੱਲਿਤ ਨਹੀਂ ਹੋਈ। ਸੋ ਇਹ ਗੱਲ ਸਪੱਸ਼ਟ ਹੈ ਕਿ 500 B.C. ਤੋਂ 400 A.D. ਤੱਕ ਦੇ ਸਮੇਂ ਅੰਦਰ ਜੋ ਬ੍ਰਹਮੀ ਦੇ ਵਿਕਾਸ ਦਾ ਸਮਾਂ ਹੈ ਪੰਜਾਬ ਵਿੱਚ ਲੱਗਭਗ ਖਰੋਸ਼ਟੀ ਪ੍ਰਚਲਤ ਰਹੀ। ਇਸ ਲਈ ਜੇ ਅਸੀਂ ਬ੍ਰਹਮੀ ਦੇ ਵਿਕਾਸ ਨੂੰ ਅੱਖੋਂ ਉਹਲੇ ਵੀ ਕਰ ਦੇਈਏ ਤਾਂ ਵੀ ਗੁਰਮੁਖੀ ਲਿਪੀ ਦੇ ਸਿਲਸਿਲੇ ਵਿੱਚ ਇਸ ਦਾ ਕੋਈ ਖਾਸ ਅਸਰ ਨਹੀਂ ਪੈਂਦਾ। 320-540 A.D. ਵਿੱਚ ਗੁਪਤਿਆਂ ਦਾ ਰਾਜ ਸਥਾਪਿਤ ਹੋਣ ਕਰਕੇ ਉੱਤਰੀ ਭਾਰਤ ਵਿੱਚ ਬ੍ਰਾਹਮਣੀ ਮੱਤ ਨੇ ਫੇਰ ਜ਼ੋਰ ਫੜ੍ਹ ਲਿਆ। ਬ੍ਰਹਮੀ ਬ੍ਰਾਹਮਣਾਂ ਦੀ ਹੀ ਹਰਮਨ-ਪਿਆਰੀ ਲਿਪੀ ਸੀ। ਇਹ ਲੋਕ ਬ੍ਰਹਮੀ ਨੂੰ ਬ੍ਰਹਮਾਂ ਵੱਲ ਮਨਸੂਬ ਕਰ ਕੇ ਇਸ ਨੂੰ ਇੱਕ ਦੇਵਲਿਪੀ ਮੰਨਦੇ ਹਨ। ਪਰੰਤੂ ਨਿਯੁੱਕਤੀ ਦੇ ਲਿਹਾਜ਼ ਤੋਂ ਬ੍ਰਹਮੀ ਲਿਪੀ ਦਾ ਅਰਥ ਹੈ। ਬ੍ਰਾਹਮਣ ਲਿਪੀ। ਸੋ ਬ੍ਰਾਹਮਣੀ ਧਰਮ ਦੇ ਸੁਰਜੀਤ ਹੋਣ ਨਾਲ ਬ੍ਰਹਮੀ ਨੇ ਵੀ ਪੈਸ ਪਸਾਰੇ ਤੇ ਸਾਰੇ ਭਾਰਤ ਵਰਸ਼ ਵਿੱਚ ਇਸ ਦਾ ਡੰਕਾ ਵੱਜਣ ਲੱਗਾ। ਪੰਜਾਬ ਦੇਸ਼ ਵੀ ਝਨਾਂ ਤੱਕ ਗੁਪਤਿਆਂ ਦੇ ਅਧੀਨ ਆ ਗਿਆ ਅਤੇ ਏਥੇ ਵੀ ਇਹ ਲਿਪੀ ਪ੍ਰਚਲਤ ਹੋ ਗਈ। ਗੁਪਤਾ ਲਿਪੀ ਦਾ 400-500 A.D. ਕਾਲ ਹੈ। ਇਸ ਸਮੇਂ ਬ੍ਰਾਹਮੀ ਲਿਪੀ ਦੀਆਂ ਦੋ ਸ਼ਾਖਾਂ ਹੋ ਗਈਆਂ। ਉੱਤਰੀ ਬ੍ਰਾਹਮੀ ਲਿਪੀ ਨੂੰ ਜੋ ਉੱਤਰੀ ਭਾਰਤ ਵਿੱਚ ਪ੍ਰਚੱਲਿਤ ਸੀ, ਉੱਤਰੀ ਗੁਪਤ ਲਿਪੀ ਆਖਦੇ ਹਨ ਤੇ ਉੱਤਰੀ ਭਾਰਤ ਦੀਆਂ ਮੁੱਖ ਲਿਪੀਆਂ ਅਰਥਾਤ ਨਾਗਰੀ, ਸ਼ਾਰਦਾ ਆਦਿ ਇਸੇ ਦੀਆਂ ਸਪੁੱਤਰੀਆਂ ਹਨ। ਦੱਖਣੀ ਸ਼ਾਖਾ ਤੋਂ ਦੱਖਣ ਦੀਆਂ ਲਿਪੀਆਂ ਨੇ ਜਨਮ ਲਿਆ, ਜਿਨ੍ਹਾਂ ਵਿੱਚੋਂ ਤਾਮਿਲ, ਤੇਲਗੂ, ਕੰਨੜੀ ਆਦਿ ਪ੍ਰਸਿੱਧ ਹਨ। ਗੁਪਤਾ ਲਿਪੀ ਤੋਂ ਹੀ ਕੁਟਿਲ ਉਪਜੀ ਹੈ ਤੇ ਪੰਜਾਬੀ ਵਿੱਚ ਪਹਿਲਾਂ ਇਹੀ ਕੁਟਿਲ ਲਿਪੀ ਪ੍ਰਚੱਲਿਤ ਹੋਈ। ਕੁਟਿਲ ਲਿਪੀ ਦਾ ਇਹ ਨਾਂ ਇਸ ਲਈ ਕਲਪਿਆ ਗਿਆ ਹੈ ਕਿ ਇਸ ਦੀਆਂ ਲਗਾ-ਮਾਤਰਾਂ ਬਹੁਤ ਟੇਢੀਆਂ ਮੇਢੀਆਂ ਹਨ ਤੇ ਇਹ ਘੜੀਸਵੀਂ ਲਿਪੀ ਹੈ। ਕੁਟਿਲ ਲਿਪੀ ਕੋਈ 500 A.D. ਤੋਂ ਲੈ ਕੇ 900 A.D. ਤੱਕ ਪ੍ਰਚੱਲਿਤ ਰਹੀ। ਕੁਟਿਲ ਲਿਪੀ ਤੋਂ ਸ਼ਾਰਦਾ ਲਿਪੀ ਤੇ ਨਾਗਰੀ ਲਿਪੀ

punjabiforias.com by Satinder Sir

ਉਪਜੀਆਂ ਸ਼ਾਰਦਾ ਲਿਪੀ ਦਾ ਖੇਤਰ ਕਸ਼ਮੀਰ ਤੇ ਪੰਜਾਬ ਸੀ ਤੇ ਬਾਕੀ ਭਾਰਤ ਵਿੱਚ ਨਾਗਰੀ ਦਾ ਬੋਲ ਬਾਲਾ ਸੀ ਜੋ ਸਾਡੀ ਗੁਰਮੁਖੀ ਲਿਪੀ ਇਸੇ ਲਿਪੀ ਤੋਂ ਵਿਕਸਿਤ ਹੋਈ ਸੀ। ਟਾਕਰੀ ਸ਼ਾਰਦਾ ਦੀ ਧੀ ਹੈ ਜੋ ਚੰਬਾ ਆਦਿ ਰਾਜਾਂ ਵਿੱਚ ਪ੍ਰਚੱਲਿਤ ਸੀ।

ਗੁਪਤਿਆਂ ਛੇ ਦਾ ਰਾਜ 'ਹੂਨਾਂ' ਨੇ ਖ਼ਤਮ ਕੀਤਾ ਤੇ ਪੰਜਾਬ ਫੇਰ ਬਦੇਸ਼ੀ ਹੁਕਮਰਾਨਾਂ ਅਧੀਨ ਚਲਿਆ ਗਿਆ। 'ਹੂਨਾਂ' ਪਿੱਛੋਂ ਜੱਟਾਂ, ਗੁਜਰਾਂ ਆਦਿ ਨੇ ਪੰਜਾਬ ਵਿੱਚ ਆਪਣੀ ਵਿਜੈ ਦੇ ਡੰਕੇ ਵਜਾਏ ਪਰੰਤੂ ਛੇਤੀ ਹੀ ਪੱਛਮ ਵੱਲੋਂ ਇੱਕ ਵੱਡਾ ਝੱਖੜ ਝੱਲਿਆ ਜਿਸ ਨੇ ਭਾਰਤ ਵਰਸ਼ ਦੀ ਆਜ਼ਾਦੀ ਖ਼ਤਮ ਕਰ ਕੇ ਇਸਲਾਮੀ ਰਾਜ ਦੇ ਝੰਡੇ ਗੱਡ ਦਿੱਤੇ।

ਮੁਸਲਮਾਨੀ ਰਾਜ 712 ਈਸਵੀ ਵਿੱਚ ਪੱਛਮੀ ਪੰਜਾਬ ਵਿੱਚ ਕਾਇਮ ਹੋ ਗਿਆ ਜਿਸ ਨਾਲ ਬ੍ਰਹਮੀ, ਖਰੋਸ਼ਟੀ ਆਦਿ ਲਿਪੀਆਂ ਦੀ ਉਨਤੀ ਨੂੰ ਅਜਿਹਾ ਧੱਕਾ ਲੱਗਿਆ ਕਿ ਉਹ ਸੰਭਲ ਨਾ ਸਕੀਆਂ। ਮੁਕਦੀ ਗੱਲ ਹ ਹੈ ਕਿ ਇਸ ਸਮੇਂ ਅਲਬੇਰੂਨੀ ਦੇ ਕਥਨ ਅਨੁਸਾਰ ਸਾਰਾ ਹਿੰਦੂ ਇਲਮ ਸਿਮਟ ਕੇ ਕਸ਼ਮੀਰ ਤੇ ਬਨਾਰਸ ਵਿੱਚ ਪਨ੍ਹਾਗੀਰ ਹੋ ਬੈਠਾ ਸੀ।

ਸ਼ਾਰਦਾ ਲਿਪੀ ਨੂੰ ਇਸੇ ਲਈ ਵਧੇਰੇ ਲੋਕ ਕਸ਼ਮੀਰੀ ਲਿਪੀ ਮੰਨਦੇ ਹਨ ਕਿ ਇਸ ਦਾ ਰਿਵਾਜ ਕਸ਼ਮੀਰ ਵਿ4ਚ ਹੀ ਸੀ ਜਾਂ ਪਹਾੜੀ ਲੋਕ ਕਸ਼ਮੀਰ ਵਿੱਚ ਹੀ ਸੀ ਜਾਂ ਪਹਾੜੀ ਹਿੰਦੂ ਰਾਜੇ ਇਸ ਦੇ ਆਸਰਾ-ਦਾਤਾ ਸਨ। ਵਹੀ-ਖਾਤਿਆਂ ਲਈ ਹਿੰਦੂ ਮਹਾਜਨਾਂ ਨੂੰ ਲੰਡੇ ਟਾਕਰੇ ਆਦਿ ਵਧੇਰੇ ਉਪਯੋਗੀ ਸਨ। ਸੋ ਇਨ੍ਹਾਂ ਅੱਖਰਾਂ ਦੀ ਸੰਭਾਲ ਜਿਵੇਂ ਕਿਵੇਂ ਹੋ ਸਕੀ ਹੁੰਦੀ ਹੀ ਰਹੀ।

ਸਿੱਖ ਗੁਰੂ ਸਾਹਿਬਾਨ ਨੇ ਜਦੋਂ ਗੁਰਮੁਖੀ ਵਰਣਮਾਲਾ ਸਥਾਪਿਤ ਕੀਤੀ ਤਾਂ ਇਨ੍ਹਾਂ ਲੰਡਿਆਂ-ਟਾਕਰਿਆਂ ਦਾ ਹੀ ਆਸਰਾ ਲਿਆ, ਗੁਰੂ ਸਾਹਿਬਾਨ ਆਪ ਮਹਾਜਨ ਲੋਕ ਸਨ ਤੇ ਉਨ੍ਹਾਂ ਬਚਪਨ ਵਿੱਚ ਆਪਣੇ ਕਾਰਵਿਹਾਰ ਲਈ ਟਾਕਰੇ ਤੇ ਲੰਡੇ ਸਿੱਖੇ ਹਨ। ਉਪਰ ਦੱਸੇ ਅਨੁਸਾਰ ਵਿਦਵਾਨਾਂ ਦਾ ਇਹ ਸਿਧਾਂਤ ਹੈ ਕਿ ਗੁਰਮੁਖੀ ਦਾ ਨਿਕਾਸ ਟਾਕਰਿਆਂ ਤੋਂ, ਟਾਕਰਿਆਂ ਦਾ ਸ਼ਾਰਦਾ ਤੋਂ ਅਤੇ ਸ਼ਾਰਦਾ ਦਾ ਕੁਟਿਲ ਲਿਪੀ ਤੋਂ ਹੋਇਆ ਹੈ। ਪਰੰਤੂ ਜੇ ਅਸੀਂ ਕੁਟਿਲ ਲਿਪੀ ਦੀ ਵਰਣਮਾਲਾ ਨੂੰ ਗਹੁ ਨਾਲ ਵੇਖੀਏ ਜੋ ਜਾਪਾਨ ਤੋਂ ਹੋਰਯੁਜ਼ਾ ਦੇ ਮਠ ਤੋਂ ਮਿਲੀ ਹੈ ਅਤੇ ਜਿਸ ਦਾ ਸਮਾਂ 500-550A.D. ਹੈ ਤਾਂ ਸਾਨੂੰ ਗੁਰਮੁਖੀ ਤੇ ਕੁਟਿਲ ਲਿਪੀ ਦੇ ਅੱਖਰਾਂ ਵਿੱਚ ਕੋਈ ਖਾਸ ਅੰਤਰ ਨਹੀਂ ਜਾਪਦਾ। ਇਹ ਪੂਰੀ ਵਰਣਮਾਲਾ ਉਸ਼ਣੀਸ਼ਵਿਜਯ ਧਾਰਣੀ (उष्णोष विजय धारणी) ਨਾਂ ਦੀ ਤਾੜ-ਪੱਤਰ ਉੱਤੇ ਲਿਪੀ ਪੁਸਤਕ ਦੇ ਅੰਤ ਵਿੱਤ ਦਰਜ਼ ਹੈ। ਇਸ ਉਸਣੀਸ਼ਵਿਜਯ ਧਾਰਣੀ ਵਾਲੀ ਵਰਣਮਾਲਾ ਦਾ ਅੱਖਰਾਂ ਵਿੱਚ ਉ, ਓ, ਕ, ਖ, ਗ, ਘ, ਝ, ਚ, ਛ, ਟ, ਠ, ਡ, ਢ, ਣ, ਤ, ਥ, ਦ, ਘ, ਨ, ਪ, ਫ, ਬ, ਭ, ਮ, ਯ, ਰ, ਲ, ਵ ਆਦਿ ਅੱਖਰ ਸਮੁੱਚੇ ਤੌਰ 'ਤੇ ਪੰਜਾਬੀ ਅੱਖਰਾਂ ਨਾਲ ਅਤੀ ਨਿਕਟ ਸਬੰਧ ਰੱਖਦੇ ਹਨ। ਇਹ ਵਰਣਮਾਲਾ ਦੇ ਅੱਖਰ 'ਬ' ਅਤੇ 'ਵ' ਵਿੱਚ ਕੋਈ ਭੇਦ ਨਹੀਂ ਛੋਟੀ ਰੀ, ਵੱਡੀ ਰੀ, ਲਿਰੀ, ਵੱਡੀ ਲਿਰੀ ( ऋ ॠ लृ ल) ਪਹਿਲਾਂ ਪਹਿਲਾਂ ਇਸੇ ਵਰਣਮਾਲਾ ਵਿਚੋਂ ਮਿਲਦੀ ਹੈ। ੜ ਦਾ ਚਿੰਨ੍ਹ ਵੀ (Bower) ਦੇ ਸਿੱਕਿਆਂ ਤੋਂ ਇਕੱਤਰ ਕੀਤੇ ਅੱਖਰਾਂ ਜਾਂ ਇਸ ਵਰਣਮਾਲਾ ਵਿੱਚ ਮਿਲਦਾ ਹੈ।

punjabiforias.com by Satinder Singh

# ਗੁਰਮੁਖੀ ਲਿਪੀ ਦਾ ਸਰੋਤ, ਸਥਾਨ ਤੇ ਸਫ਼ਰ

**ਬਿੱਕਰ ਸਿੰਘ ਹਾਂਗਕਾਂਗ**

ਗੁਰਮੁਖੀ ਲਿਪੀ ਬਾਰੇ ਇਹ ਤੱਥ ਲਿਖ ਦੇਣਾ ਕਿ ਇਹ ਲਿਪੀ ਬ੍ਰਹਮੀ ਤੋਂ ਪੁਰਾਣੀ ਹੈ ਅਤੇ ਫੋਨੇਸ਼ੀਅਨ ਦੀ ਧੀ-ਲਿਪੀ ਹੈ ; ਲਿਪੀ ਖੋਜੀਆਂ ਲਈ ਇਹ ਸ਼ਬਦ ਤਰਥੱਲੀ ਪੈਦਾ ਕਰਨ ਵਾਲੇ ਹੋਣਗੇ। ਇਸ ਦੇ ਜਵਾਬ ਵਿੱਚ ਇਹ ਉੱਤਰ ਮਿਲਣਗੇ ਕਿ ਗੁਰਮੁਖੀ ਲਿਪੀ ਨੂੰ ਗੁਰੂ ਅੰਗਦ ਨੇ ਸੋਲਵੀਂ ਸਦੀ ਵਿੱਚ ਸੁਧਾਰਿਆ ਹੈ ਜਾਂ ਜੀ.ਬੀ. ਸਿੰਘ ਨੇ ਗੁਰਮੁਖੀ ਨੂੰ ਪੰਜਵੀਂ ਸਦੀ ਵਿੱਚ ਉੱਤਪਤ ਹੋਈ ਮੰਨਿਆ ਹੈ। ਜਦੋਂ ਗੁਰਮੁਖੀ ਲਿਪੀ ਨੂੰ ਬ੍ਰਹਮੀ ਤੋਂ ਪ੍ਰਾਚੀਨ ਘੋਸ਼ਿਤ ਕੀਤਾ ਗਿਆ ਤਾਂ ਇਹ ਵਿਦਵਾਨ ਹੈਰਾਨ ਹੋਣਗੇ ਕਿ ਇਹ ਕਿਵੇਂ ਹੋ ਸਕਦੈ? ਇਸ ਖੋਜ ਪੱਤਰ ਵਿੱਚ ਇਹ ਤੱਥ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗੁਰਮੁਖੀ ਬ੍ਰਹਮੀ ਅਤੇ ਫੋਨੇਸ਼ੀਅਨ ਦੇ ਦਰਮਿਆਨ ਇੱਕ ਕੜੀ ਦਾ ਕੰਮ ਕਰਨ ਵਾਲੀ ਲਿਪੀ ਹੈ। ਜਾਰਜ ਬੂਲਰ ਅਨੁਸਾਰ ਬ੍ਰਹਮੀ ਦੇ ਤੀਸਰਾ ਹਿੱਸਾ ਅੱਖਰ ਫੋਨੇਸ਼ੀਅਨ ਨਾਲ ਮਿਲਦੇ ਹਨ। ਬਾਕੀ ਦਾ ਤੀਸਰਾ ਹਿੱਸਾ ਵੀ ਥੋੜੇ ਬਹੁਤੇ ਫ਼ਰਕ ਨਾਲ ਫਨੇਸ਼ੀਅਨ ਨਾਲ ਹੀ ਮਿਲਦੇ ਹਨ। ਰਹਿੰਦਾ ਤੀਸਰਾ ਹਿੱਸਾ ਕੁਝ ਛੋਟੀ-ਵੱਡੀ ਤਬਦੀਲੀ ਕਰਕੇ ਬਣਿਆ ਹੈ।

ਜਾਰਜ ਬੂਲਰ ਦੀ ਇਹ ਸੋਚ ਕਿ ਸੱਤਵੀਂ ਅੱਠਵੀਂ ਸਦੀ ਬੀ.ਸੀ. ਵਿੱਚ ਸਰਹੱਦੀ ਸੂਬੇ ਦੇ ਪੇਸ਼ਾਵਰ ਸ਼ਹਿਰ ਵਿੱਚ ਕਿਸੇ ਵਿਦਵਾਨ ਨੇ ਉਥੇ ਫਿਰਦੀ ਹੋਈ ਸੈਮੇਟਿਕ ਖਿੱਤੇ ਦੀ ਲਿਪੀ ਦੇ ਅੱਖਰਾਂ ਵਿੱਚ ਅਦਲਾ-ਬਦਲੀ ਕਰਕੇ ਕੁੱਝ ਹੋਰ ਅੱਖਰ ਘੜੇ ਅਤੇ ਇਸ ਨੂੰ ਸੰਸਕ੍ਰਿਤ ਦੇ ਲਿਖਣ ਯੋਗ ਬਣਾਇਆ; ਦਾ ਜੇਕਰ ਪੁਨਰ ਪੜਚੋਲ ਕੀਤਾ ਜਾਵੇ ਅਤੇ ਬ੍ਰਹਮੀ ਦੇ ਅੱਖਰਾਂ ਦੀ ਥਾਂ ਗੁਰਮੁਖੀ ਅੱਖਰਾਂ ਨੂੰ ਰੱਖਿਆ ਜਾਵੇ ਤਾਂ ਇਹ ਅੱਖਰ ਫੋਨੇਸ਼ੀਅਨ ਲਿਪੀ ਦੇ ਨਾਲ ਬ੍ਰਹਮੀ ਨਾਲੋਂ ਜ਼ਿਆਦਾ ਨੇੜਦਾ ਰੱਖਦੇ ਮਲੂਮ ਹੋਣਗੇ।

ਇਨ੍ਹਾਂ ਵਿਦਵਾਨਾਂ ਨੇ ਅਤਿ ਵਿਉਂਤਬੰਦੀ ਨਾਲ ਮੁੱਖ ਧੁਨੀਆਂ ਅਨੁਸਾਰ ਵਰਗਬੰਦੀ ਕੀਤੀ ਅਤੇ ਖਾਲੀ ਧੁਨੀਆਂ ਨੂੰ ਇਨ੍ਹਾਂ ਹਥਾਏ ਅੱਖਰਾਂ ਨੂੰ ਪੁੱਠ-ਸਿੱਧ ਕਰਕੇ ਅੱਖਰ ਪੈਦਾ ਕੀਤੇ। ਉਦਾਹਰਣ ਵਜੋਂ: ਫੋਨੇਸ਼ੀਅਨ ਲਿਪੀ ਚਿੰਨ੍ਹ ਜੋਧਾ ਨੂੰ ਜ ਤੇ ਝ, ਬਣਾਉਣ ਲਈ ਵਰਤਿਆ ਗਿਆ। ਗੁਰਮੁਖੀ ਯ ਫ਼ਨਿਸ਼ੀ ਲਿਪੀ ਚਿੰਨ੍ਹ ਯੂ (u) ਨੂੰ ਪੁੱਠਾ ਕਰਕੇ ਪੁੱਠੀ ਵਾਈ ਵਾਂਗ ਬਣਾਇਆ। ਇਹ ਬ੍ਰਹਮੀ ਵਿੱਚ ਵੀ 'ਯ' ਬਣ ਗਿਆ।

ਗੁਰਮੁਖੀ ਅੱਖਰਾਂ ਦਾ ਫੋਨੇਸ਼ੀਅਨ ਨਾਲ ਮੇਲ ਭਾਵ ਗੁਰਮੁਖੀ ਦੀ ਉੱਤਪਤੀ ਫੋਨੇਸ਼ੀਅਨ ਤੋਂ ਹੋਈ ਮੰਨਣਾ ਅਤੇ ਫਿਰ ਗੁਰਮੁਖੀ ਤੋਂ ਬ੍ਰਹਮੀ ਦੀ ਉਤਪਤੀ ਦੀ ਗੁੰਮਨਾਮ ਕੜੀ ਨੂੰ ਦਰਸਾਉਣਾ ਹੀ ਇਸ ਲੇਖ ਦਾ ਮੰਤਵ ਹੈ।

## ਬ੍ਰਹਮੀ ਤੇ ਫੋਨੇਸ਼ੀਅਨ

ਬ੍ਰਹਮੀ ਫੋਨੇਸ਼ੀਅਨ ਸੰਬੰਧਾਂ ਬਾਰੇ ਬੂਲਰ ਦੇ ਵਿਚਾਰ ਸਚਾਈ ਦੇ ਕਾਫੀ ਨੇੜੇ ਹਨ ਪਰ ਅਹਿਮਦ ਦਾਨੀ (ਇੰਡੀਅਨ ਪਿਲਿਓਗ੍ਰਾਫੀ) ਦੇ ਵਿਚਾਰ ਬੂਲਰ ਨਾਲੋਂ ਵਧੇਰੇ ਪਰਪੱਕ ਸਚਾਈ ਪੇਸ਼ ਕਰਦੇ ਹਨ। ਜਰਮਨ ਲਿਪੀ ਸ਼ਾਸਤਰੀ ਜਾਰਜ ਬੂਲਰ ਦੀ ਸੋਚ ਵਾਲੀ ਬ੍ਰਹਮੀ ਦੀ ਮਾਂ ਮਹਾਜਨ ਲਿਪੀ ਪ੍ਰੋਟੋ ਗੁਰਮੁਖੀ ਹੀ ਹੈ ਜੋ ਕਿ ਦੱਖਣੀ ਏਸੀਆ ਤਿੱਬਤ ਅਤੇ ਦੱਖਣ ਪੂਰਬੀ ਏਸ਼ੀਆ ਲਿਪੀਆਂ ਦੀ ਦਾਦੀ ਮਾਂ ਕਹਾਉਣ ਦਾ ਹੱਕ ਰੱਖਦੀ ਹੈ। ਇਸ ਦੇ ਮੌਜੂਦਾ ਅੱਖਰ ਛੇਵੀਂ ਸੱਤਵੀਂ ਸਦੀ ਵਿੱਚ ਇਨ੍ਹਾਂ ਲਿਪੀਆਂ ਵਿੱਚ ਘੁੰਮਦੇ ਫਿਰਦੇ ਰਹੇ ਹਨ। ਬਲਕਿ ਹੁਣ ਵੀ ਕੁੱਝ ਅੱਖਰ ਥੋੜੇ ਜਿਹੇ ਬਦਲਾਅ ਨਾਲ ਇਨ੍ਹਾਂ ਵਿੱਚ ਦੇਖੇ ਜਾ ਸਕਦੇ ਹਨ। ਇਉਂ ਬਹੁਤ ਹੀ ਵਿਉਂਤਬੰਦੀ ਨਾਲ ਬਣਾਈ ਹੋਈ ਲਿਪੀ ਰਿਸਕ ਕੇ ਵਪਾਰੀਆਂ ਦੇ ਹੱਥਾਂ ਰਾਹੀਂ ਪਾਟਲੀਪੁੱਤਰ ਪਹੁੰਚੇ ਅੱਖਰ ਬ੍ਰਹਮੀ ਬਣ ਬੈਠੇ। ਫਿਰ ਸ਼ਹਿਨਸ਼ਾਹ ਅਸ਼ੋਕ ਦੀ ਸਰਪ੍ਰਸਤੀ ਹੇਠ ਇਹ ਰੋਇਲ ਲਿਪੀ ਬਣ ਕੇ ਸਭ ਤੋਂ ਪਹਿਲਾਂ ਆਪਣਾ ਮੁੱਖ ਦਿਖਾਉਣ



punjabiforias.com by Satinder sir

ਵਿੱਚ ਕਾਮਯਾਬ ਰਹੀ ਅਤੇ ਮੌਜੂਦਾ ਭਾਰਤੀ ਲਿਪੀਆਂ ਦੀ ਦਾਦੀ ਮਾਂ ਹੋਣ ਦਾ ਭਰਮ ਪਾਲ ਬੈਠੀ। ਵੈਸੇ ਬ੍ਰਹਮੀ ਵਿੱਚ ਪ੍ਰੋਟੋ ਗੁਰਮੁਖੀ ਦੇ ਅਸਲ ਜਾਂ ਕੁੱਝ ਬਦਲੇ ਰੂਪ ਹੀ ਭਾਰੂ ਹਨ। ਪ੍ਰੋਟੋ ਗੁਰਮੁਖੀ ਜੋ ਕਿ ਮੁੱਢਲੀ ਸੰਸਕ੍ਰਿਤੀ ਨਾਲੋਂ ਕੁੱਝ ਦੂਰੀ ਬਣਾ ਚੁੱਕੀ ਸੀ ਨੂੰ ਪ੍ਰੋਟੋ ਪੰਜਾਬੀ ਭਾਸ਼ਾ (ਜਿਸ ਨੂੰ ਯੂਰਪ ਵਿੱਚ ਜਾਟਾਏ ਭਾਸ਼ਾ ਦੇ ਨਾਮ ਨਾਲ ਜਾਣਿਆ ਜਾਂਦਾ ਸੀ) ਲਈ ਲਿਖਣ ਯੋਗ ਬਣਾਇਆਂ ਗਿਆ। ਗੁਰਮੁਖੀ ਲਿਪੀ ਸ਼ਾਰਦਾ, ਟਾਕਰੀ, ਸਿਧਮ, ਤੋਖਰੀ,ਕੁਟਿਲ ਆਦਿ ਲਿਪੀਆਂ ਦੀ ਵੱਡੀ ਭੈਣ ਹੈ, ਜਿਹੜੀ ਅਜੇ ਵੀ ਜਿਉਂਦੀ ਜਾਗਦੀ ਅਤੇ ਵੱਧ ਫੁੱਲ ਰਹੀ ਹੈ। ਬਾਕੀ ਲਿਪੀਆਂ ਇਤਿਹਾਸ ਦੇ ਪੰਨਿਆਂ ਵਿੱਚ ਹੀ ਅੰਕਿਤ ਹੋ ਕੇ ਰਹਿ ਗਈਆਂ ਹਨ। ਗੁਰੂ ਅੰਗਦ ਦੇਵ ਦੁਆਰਾ ਸੁਧਾਰੀ ਮਹਾਜਨੀ ਲਿਪੀ (ਲੰਡੇ) ਨੂੰ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਲਈ ਵਰਤਕੇ ਸਦਾ ਲਈ ਅਮਰ ਕਰ ਦਿੱਤਾ ਵਰਨਾ ਇਹ ਲਿਪੀ ਵੀ ਸ਼ਾਰਦਾ, ਟਾਕਰੀ ਵਾਂਗ ਇਤਿਹਾਸ ਦੇ ਪੰਨਿਆ ਤੱਕ ਸੀਮਤ ਹੋ ਕੇ ਰਹਿ ਜਾਂਦੀ।

ਉੱਤਰੀ ਸੈਮੇਟਿਕ ਖਿੱਤੇ ਦੀ ਫੋਨੇਸ਼ੀਅਨ ਲਿਪੀ ਵਿੱਚ ਦੋ ਕੱਕੇ ਕਾਪਾ ਅਤੇ ਕੋਪਾ ਦੇ ਨਾਮ ਨਾਲ ਚੱਲਦੇ ਰਹੇ ਹਨ। ਯੂਨਾਨੀ ਲੋਕ ਪਹਿਲਾ ਕੋਪਾ ਅੱਖਰ ਵਰਤਦੇ ਰਹੇ ਬਾਅਦ ਵਿੱਚ ਉਨ੍ਹਾਂ ਇਸ ਨੂੰ ਛੱਡ ਕੇ ਕਾਪਾ ਨੂੰ ਵਰਤਣਾ ਸ਼ੁਰੂ ਕੀਤਾ। ਕੋਪਾ ਦੇ ਥੋੜ੍ਹਾ ਜਿਹਾ ਖੁੱਲ੍ਹਣ ਤੇ ਇਹ ਗੁਰਮੁਖੀ ਦਾ ਕੱਕਾ ਬਣ ਜਾਂਦਾ ਹੈ ਜੋ ਕਿ ਅੰਗਰੇਜ਼ੀ ਕੈਪੀਟਲ Q ਦੇ ਨੇੜੇ ਚਲਾ ਜਾਂਦਾ ਹੈ। ਇਹ ਗੱਲ ਸੰਭਵ ਹੈ ਕਿ ਬ੍ਰਹਮੀ ਕੱਕਾ ਗੁਰਮੁਖੀ ਕੱਕੇ ਦਾ ਸਰਲ ਰੂਪ ਹੈ ਕਿਉਂਕਿ ਜਿਆਦਾਤਰ ਬ੍ਰਹਮੀ ਅੱਖਰ ਅਸ਼ੋਕ ਦੀ ਪਾਠਸ਼ਾਲਾ ਵਿੱਚ ਸੰਵਾਰੇ-ਸੁਧਾਰੇ ਗਏ।

ਸੈਮੇਟਿਕ ਖਿੱਤੇ ਵਿੱਚ ਊਠ (ਕੈਮਲ) ਨੂੰ ਗਿਮਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਰਿਹਾ ਹੈ। ਫੋਨੇਸ਼ੀਅਨ ਦਾ ਇਹ ਗਿਮਲ ਅੱਖਰ ਯੂਨਾਨੀ ਗਾਮਾ ਅਤੇ ਪੰਜਾਬੀ ਗੱਗਾ (ਗ) ਬਣ ਗਿਆ। ਪਰ ਪੰਜਾਬੀ ਵਿੱਚ /ਘ/ ਧੁਨੀ ਦੀ ਹੋਂਦ ਹੋਣ ਕਾਰਨ, ਕਾਪਾ ਤੋਂ ਘ ਅੱਖਰ ਬਣਾ ਲਿਆ ਗਿਆ। /ਣ/ ਦੀ ਧੁਨੀ ਸੈਮੇਟਿਕ ਖਿੱਤੇ ਦੀਆਂ ਭਾਸ਼ਾਵਾਂ ਵਿੱਚ ਨਹੀਂ ਹੈ। ਇਸ ਲਈ ਇਸ ਅੱਖਰ ਦਾ ਪੰਜਾਬੀ ਖਿੱਤੇ ਵਿੱਚ ਸੈਮੇਟਿਕ ਤੋਂ ਆਉਣਾ ਮੰਨਣਾ ਠੀਕ ਨਹੀਂ ਹੈ। ਇਸ ਦੀ ਉਤਪਤੀ ਪੰਜਾਬੀ ਖਿੱਤੇ ਵਿੱਚ ਹੀ ਮੌਲਿਕ ਰੂਪ ਵਿੱਚ ਹੋਈ। ਇਸ ਅੱਖਰ ਦਾ ਸਭ ਤੋਂ ਪੁਰਾਣਾ ਰੂਪ ਬ੍ਰਹਮੀ ਵਾਲਾ ਹੀ ਹੈ।

ਸੈਮੇਟਿਕ ਖਿੱਤੇ ਦੀਆਂ ਭਾਸ਼ਾਵਾਂ ਵਿੱਚ ਤੱਤਾ (ਤ) ਅੱਖਰ ਦੀ ਭਰਭੂਰ ਵਰਤੋਂ ਹੁੰਦੀ ਰਹੀ। ਫੋਨੇਸ਼ੀਅਨ ਵਿੱਚ ਵੀ ਇਹ ਇਸੇ ਰੂਪ ਵਿੱਚ ਹੈ। ਫੋਨੇਸ਼ੀਅਨ ਲਿਪੀ ਦਾ ਥਿਤ ਇਬਰਾਨੀ ਵਿੱਚ ਗਲੋਟਾ ਯੂਨਾਨੀ ਵਿੱਚ ਬੈਟਾ ਅਤੇ ਪੰਜਾਬੀ ਖਿੱਤੇ ਵਿੱਚ ਥੱਥਾ ਅਖਵਾਉਣ ਲੱਗ ਪਿਆ। ਫੋਨੇਸ਼ੀਅਨ ਪ੍ਰਹ ਅਜਿਹਾ ਅੱਖਰ ਹੈ ਜੋ ਸਰਵ ਵਿਆਪਕ ਹੋ ਨਿਬੜਿਆ ਹੈ। ਪੰਜਾਬੀ ਖਿੱਤੇ ਵਿੱਚ ਇਸ ਦੇ Up side down ਨਾਲ ਗੁਰਮੁਖੀ 'ਪ' ਬਣ ਗਿਆ। ਅਜਿਹਾ ਇਸ ਲਈ ਕੀਤਾ ਗਿਆ ਤਾਂ ਕਿ 'ਗ' ਤੋਂ ਇਸ ਦੀ ਵਿੱਥ ਬਣ ਸਕੇ। ਇਸ ਦਾ ਪੁਰਾਣਾ ਰੂਪ ਗੁਰਮੁਖੀ ਤੇ ਬ੍ਰਹਮੀ ਵਿੱਚ ਇਕੋ ਜਿਹਾ ਹੈ। ਇਹ ਭਾਰਤੀ ਲਿਪੀਆਂ ਅਤੇ ਭਾਰਤ ਤੋਂ ਬਾਹਰ ਦੀਆਂ ਲਿਪੀਆਂ ਵਿੱਚ ਗੁਰਮੁਖੀ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਤਿੱਬਤ ਅਤੇ ਪੂਰਬੀ ਏਸ਼ੀਆ ਵਿੱਚ ਗੁਰਮੁਖੀ ਰੂਪ ਹੀ ਪ੍ਰਚਲਿੱਤ ਰਿਹਾ ਹੈ। ਭਾਰਤ ਦੀਆਂ ਸਾਰੀਆਂ ਲਿਪੀਆਂ ਵਿੱਚ ਗੁਰਮੁਖੀ ਵਾਲਾ 'ਪ' ਹੀ ਪ੍ਰਚਲਿਤ ਹੈ। ਦੇਵਨਾਗਰੀ ਵਿੱਚ ਇਸ ਦੇ ਸਿਰ ਉਪਰ ਲਕੀਰ ਆਉਣ ਨਾਲ ਇਸ ਵਿੱਚ ਗੁਰਮੁਖੀ ਨਾਲੋਂ ਫ਼ਰਕ ਆ ਗਿਆ।

ਫੱਫਾ ਧੁਨੀ ਦੀ ਸੈਮੇਟਿਕ ਭਾਸ਼ਾਵਾਂ ਵਿੱਚ ਅਣਹੋਂਦ ਸੀ। ਇਸ ਲਈ ਇਸ ਦੀ ਪੂਰਤੀ ਲਈ ਫੋਨੇਸ਼ੀਅਨ ਲਿਪੀ ਚੁਪ ਰਹੀ ਹੈ। ਪਰ ਯੂਨਾਨੀ ਵਿੱਚ ਇਹ ਅਵਾਜ਼ ਹੋਣ ਕਰਕੇ ਉਹਨਾਂ ਫੈਟਾ ਨਾਮ ਦਾ ਅੱਖਰ ਬਣਾ ਲਿਆ।

ਗੁਰਮੁਖੀ ਅੱਖਰ ਬੱਬਾ ਹੀ ਅਜਿਹਾ ਅੱਖਰ ਹੈ ਜੋ ਕਿ ਤਕਰੀਬਨ ਤਿੰਨ ਹਜ਼ਾਰ ਸਾਲ ਤੋਂ ਅਰਥਾਤ ਆਪਣੇ ਜਨਮ ਤੋਂ ਆਪਣੀ ਵੱਖਰੀ ਪਹਿਚਾਨ ਬਿਨ੍ਹਾਂ ਬਦਲੇ ਰੱਖਦਾ ਆ ਰਿਹਾ ਹੈ। ਰੋਜੇਟਾ ਸਟੋਨ ਵਿੱਚ (ਜੋ ਕਿ ਨੌਵੀਂ ਸਦੀ ਬੀ.ਸੀ ਦਾ ਹੈ) ਇਹ ਮੌਜੂਦਾ 'ਬ' ਦੀ ਸ਼ਕਲ ਵਰਗਾ ਹੀ ਹੈ। ਲਿਖਣ ਦੇ ਹਲਵਾਹ ਢੰਗ ਕਰਕੇ ਯੂਨਾਨੀ ਵਿੱਚ ਇਸ ਦਾ ਪਾਸਾ ਪਲਟ ਗਿਆ

punjabiforias.com by Satinder Sir

ਅਤੇ ਇਹ ਬੈਟਾ ਬਣ ਗਿਆ। ਇਹ ਬੈਟਾ ਅੱਗੇ ਇਟਲੀ ਦੀ ਰੋਮਨ ਲਿਪੀ ਅਤੇ ਅੰਗਰੇਜ਼ੀ ਦੀ ਲਿਪੀ ਵਿੱਚ B ਦੀ ਸ਼ਕਲ ਅਖਤਿਆਰ ਕਰ ਗਿਆ।

ਪੰਜਾਬੀ ਖਿੱਤੇ ਵਿੱਚ ਭਾਵੇਂ ਇਸਦੇ ਪਹੁੰਚਣ ਦਾ ਸਮਾਂ ਨਿਸ਼ਚਿਤ ਨਹੀਂ ਹੋਇਆ ਪਰ ਸ਼ਕਲ ਸੂਰਤ ਪੱਖੋਂ ਇਸ ਵਿੱਚ ਭੋਰਾ ਵੀ ਤਬਦੀਲੀ ਨਹੀਂ ਹੋਈ। ਹੁਣ ਵੀ ਕੁੱਝ ਸੱਜੇ ਪਾਸੇ ਵਾਲੀ ਖੜਵੀਂ ਲਕੀਰ ਦਾ ਕੁਝ ਵਾਧਾ ਕਰਕੇ ਇਹ ਅੱਖਰ ਗੁਰਮੁਖੀ ਦਾ ਸ਼ਿੰਗਾਰ ਬਣਿਆ ਹੋਇਆ ਹੈ।

ਸੈਮੇਟਿਕ ਖਿੱਤੇ ਦੀਆਂ ਭਾਸ਼ਾਵਾਂ ਵਿੱਚ /ਭ/ ਧੁਨੀ ਦੀ ਵੀ ਘਾਟ ਰਹੀ ਹੈ। ਪੰਜਾਬੀ ਵਿੱਚ ਇਸ ਧੁਨੀ ਦੀ ਹੋਂਦ ਕਰਕੇ ਇਸ ਅੱਖਰ ਦੀ ਗੁਰਮੁਖੀ ਵਿੱਚ ਭਰਪੂਰ ਵਰਤੋਂ ਹੋਈ ਹੈ। ਉਪਰਕੋਤ ਇਬਾਰਤ ਦਾ ਨਿਚੋੜ ਇਹ ਨਿਕਲਦਾ ਹੈ ਕਿ ਜਾਰਜ ਬੂਲਰ ਜਿਸ ਮਹਾਜਨ ਲਿਪੀ ਵਿੱਚੋਂ ਬ੍ਰਹਮੀ ਲਿਪੀ ਨੂੰ ਨਿਕਲੀ ਦੱਸਦਾ ਹੈ ਉਹ ਅਸਲ ਵਿੱਚ ਪ੍ਰੋਟੋ-ਗੁਰਮੁਖੀ ਹੈ। ਅਹਿਮਦ ਹਸਨ ਦਾਨੀ ਬ੍ਰਹਮੀ ਲਿਪੀ ਦੇ ਇੱਕ ਦਰਜ਼ਨ ਅੱਖਰ ਫ਼ਨਿਸ਼ੀ ਨਾਲ ਮਿਲਦੇ ਦਿਖਾਉਂਦਾ ਹੈ ਪਰ ਸਾਡੀ ਪਰਖ ਪੜਚੋਲ ਅਨੁਸਾਰ ਪ੍ਰੋਟੋ-ਗੁਰਮੁਖੀ ਦੇ ਇੱਕ ਦਰਜਨ ਤੋਂ ਵੀ ਵੱਧ ਅੱਖਰ ਫ਼ਨਿਸ਼ੀ ਨਾਲ ਮਿਲਦੇ ਹਨ। ਸਾਡੀ ਜਾਚੇ ਇਹ ਅਰਧ ਨਾਗਰੀ ਵੀ ਅਸਲ ਵਿੱਚ ਪ੍ਰੋਟੋ-ਗੁਰਮੁਖੀ ਹੀ ਹੈ। ਪ੍ਰੋਟੋ-ਗੁਰਮੁਖੀ ਲਿਪੀ ਦੇ 2/3 ਅੱਖਰਾਂ ਦਾ ਫ਼ਨਿਸ਼ੀ ਲਿਪੀ ਨਾਲ ਮੇਲ ਖਾਣਾ ਇਹ ਸਾਬਿਤ ਕਰਦਾ ਹੈ ਕਿ ਉਹ ਭਾਰਤ ਦੀ ਸਭ ਤੋਂ ਪੁਰਾਣੀ ਲਿਪੀ ਹੈ। ਭਾਰਤ ਅਤੇ ਭਾਰਤ ਤੋਂ ਬਾਹਰ (ਤਿੱਬਤ, ਚੀਨ, ਸ੍ਰੀਲੰਕਾ) ਵੀ ਪ੍ਰੋਟੋ-ਗੁਰਮੁਖੀ ਅੱਖਰ ਹੀ ਥੋੜੇ-ਬਹੁਤੇ ਫ਼ਰਕ ਨਾਲ ਘੁੰਮਦੇ ਰਹੇ ਹਨ। ਇਸ ਹਿਸਾਬ ਨਾਲ ਭਾਰਤ ਦੀਆਂ ਸਾਰੀਆਂ ਲਿਪੀਆਂ ਦੇ ਅੱਖਰ ਪ੍ਰੋਟੋ-ਗੁਰਮੁਖੀ ਵਿੱਚੋਂ ਹੀ ਨਿਕਲੇ ਹਨ। ਸੋ ਪ੍ਰੋਟੋ-ਗੁਰਮੁਖੀ ਭਾਰਤ ਦੀਆਂ ਸਾਰੀਆਂ ਲਿਪੀਆਂ ਦੀ ਨਕੜਦਾਦੀ ਹੈ।

punjabiforias.com
by Satinder Sir